# ਵਡਾਣਕ ਕਣਕ



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਬੁਲਿਟਨ ਨੰ. ਪੀ.ਏ.ਯੂ./2006/ਐਫ਼/692/ਪੀ

# ਵਡਾਣਕ ਕਣਕ

ਡਾ. ਗੁਰਸ਼ਰਨ ਸਿੰਘ ਮਾਹਲ
ਡਾ. ਨਵਤੇਜ ਸਿੰਘ ਬੈਂਸ
ਡਾ. ਅਨੂਪਮ ਸਿੰਘ

ਸੰਚਾਰ, ਭਾਸ਼ਾਵਾਂ ਅਤੇ ਸਭਿਆਚਾਰ ਕੇਂਦਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਪਹਿਲਾ ਪ੍ਰਕਾਸ਼ਨ : 1999
ਦੂਜਾ ਪ੍ਰਕਾਸ਼ਨ : ਫ਼ਰਵਰੀ, 2006 - 2000 ਕਾਪੀਆਂ

*ਮੂਲ ਲੇਖਕ*
ਡਾ. ਗੁਰਬਚਨ ਸਿੰਘ ਭੁੱਲਰ
ਡਾ. ਗੁਰਸ਼ਰਨ ਸਿੰਘ ਮਾਹਲ
ਡਾ. ਨਵਤੇਜ ਸਿੰਘ ਬੈਂਸ
ਡਾ. ਕ.ਸ. ਗਿੱਲ

*ਸੰਪਾਦਕ*
**ਗੁਰਭਜਨ ਗਿੱਲ**

ਕੀਮਤ : 10 ਰੁਪਏ

ਸ. ਪੀ ਪੀ ਐੱਸ ਗਿੱਲ, ਐਡੀਸ਼ਨਲ ਡਾਇਰੈਕਟਰ (ਸੰਚਾਰ), ਸੰਚਾਰ, ਭਾਸ਼ਾਵਾਂ ਅਤੇ ਸਭਿਆਚਾਰ ਕੇਂਦਰ ਨੇ ਪੀ.ਏ.ਯੂ. ਪ੍ਰਿੰਟਿੰਗ ਪ੍ਰੈਸ ਲੁਧਿਆਣਾ ਤੋਂ ਛਪਵਾ ਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਲਈ ਪ੍ਰਕਾਸ਼ਤ ਕੀਤਾ ।

*ਕਵਰ ਡਿਜ਼ਾਈਨ :* ਕੁਲਵੰਤ ਸਿੰਘ ਬਸਰਾ

# ਤਤਕਰਾ


| ਵਿਸ਼ਾ | ਪੰਨਾ ਨੰ. |
|---|---|
| ਪੰਜਾਬ ਵਿਚ ਵਡਾਣਕ ਕਣਕ ਦੀ ਕਾਸ਼ਤ | 1 |
| ਨਿਸ਼ਾਨੇ ਅਤੇ ਮਕਸਦ | 4 |
| ਪੀ ਡੀ ਡਬਲਯੂ 233 | 4 |
| ਪੀ ਡੀ ਡਬਲਯੂ 274 | 5 |
| ਪੀ ਡੀ ਡਬਲਯ 291 | 5 |
| ਵਡਾਣਕ ਕਣਕਾਂ ਦਾ ਅਪਣਾਇਆ ਜਾਣਾ ਅਤੇ ਇਸ ਦਾ ਪ੍ਰਭਾਵ | 6 |
| ਵਡਾਣਕ ਕਣਕ ਦੀ ਕਾਸ਼ਤ ਲਈ ਸਿਫ਼ਾਰਸ਼ਾਂ | 9 |
| ਤੱਤਾਂ ਦੀ ਘਾਟ ਕਰਕੇ ਹੋਣ ਵਾਲੀਆਂ ਬੀਮਾਰੀਆਂ | 14 |
| ਨਦੀਨਾਂ ਦੀ ਰੋਕਥਾਮ | 15 |
| ਨਦੀਨ ਨਾਸ਼ਕਾਂ ਦੀ ਵਰਤੋਂ ਲਈ ਦਿਸ਼ਾ ਨਿਰਦੇਸ਼ | 18 |
| ਸਿੰਚਾਈ | 20 |

ਪਾਣੀ ਬਚਾਉ
ਪੰਜਾਬ ਬਚਾਉ

# ਪੰਜਾਬ ਵਿਚ ਵਡਾਣਕ ਕਣਕ ਦੀ ਕਾਸ਼ਤ

## ਮੁਢਲੀ ਜਾਣਕਾਰੀ

ਭਾਰਤ ਵਿਚ ਕਣਕ ਦੀਆਂ ਤਿੰਨ ਪ੍ਰਜਾਤੀਆਂ ਦੀ ਕਾਸ਼ਤ ਹੁੰਦੀ ਹੈ ਅਤੇ ਇਨ੍ਹਾਂ ਵਿਚੋਂ ਵਡਾਣਕ ਕਣਕ (*Triticum durum*) ਰਕਬੇ ਅਤੇ ਉਤਪਾਦਨ ਦੇ ਲਿਹਾਜ਼ ਨਾਲ ਦੂਸਰੇ ਸਥਾਨ ਤੇ ਆਉਂਦੀ ਹੈ। ਇਸਦੀ ਕਾਸ਼ਤ ਭਾਰਤ ਵਿਚ ਤਕਰੀਬਨ 20 ਲੱਖ ਹੈਕਟਰ ਰਕਬੇ ਤੇ ਕੀਤੀ ਜਾਂਦੀ ਹੈ। ਭਾਰਤ ਵਿਚ ਵੀਹਵੀਂ ਸਦੀ ਤੋਂ ਪਹਿਲਾਂ ਵਡਾਣਕ ਕਣਕ ਦੀ ਕਾਸ਼ਤ ਵੱਖੋ-ਵੱਖਰੀਆਂ ਕਿਸਮਾਂ ਦੇ ਬੀਜਾਂ ਨੂੰ ਮਿਲਾ ਕੇ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਨੂੰ ਵੰਨਗੀਆਂ ਆਖਿਆ ਜਾਂਦਾ ਸੀ। ਵਡਾਣਕ ਕਣਕ ਦੀਆਂ ਵੱਖੋ-ਵੱਖਰੀਆਂ ਵੰਨਗੀਆਂ ਦੇ ਦਾਣਿਆਂ ਦੇ ਰੰਗ ਅਤੇ ਬਣਾਵਟ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੇ ਖ਼ਾਸ ਨਾਂ ਰੱਖੇ ਹੋਏ ਸਨ। ਇਸ ਕਣਕ ਦੇ ਕੁਝ ਪ੍ਰਚੱਲਤ ਨਾਂ ਸਨ ਬੰਸੀ, ਕਠੀਆ, ਜਲਾਲੀਆ, ਜਮਾਲੀ, ਗੰਗਾਜਲੀ, ਖੰਡਵਾ, ਅਲਵੀ ਵਗ਼ੈਰਾ। ਉਪਰੋਕਤ ਸਾਰੀਆਂ ਵੰਨਗੀਆਂ ਦੀਆਂ ਕਿਸਮਾਂ ਵਿਚ ਕੁੰਗੀਆਂ ਦੇ ਹਮਲੇ ਦਾ ਟਾਕਰਾ ਕਰਨ ਲਈ ਪ੍ਰਤੀਰੋਧਕ ਸ਼ਕਤੀ (resistance) ਨਹੀਂ ਸੀ ਅਤੇ ਉਹ ਲੰਬੀਆਂ ਹੋਣ ਕਰਕੇ ਛੇਤੀ ਢਹਿ (lodge) ਜਾਂਦੀਆਂ ਸਨ। ਇਨ੍ਹਾਂ ਦੀ ਕਾਸ਼ਤ ਜ਼ਿਆਦਾਤਰ ਬਰਾਨੀ ਹਾਲਤਾਂ ਵਿਚ ਕੀਤੀ ਜਾਂਦੀ ਸੀ। ਇੰਨ੍ਹਾਂ ਦਾ ਝਾੜ ਵੀ ਵਖੋ-ਵਖਰੇ ਜਲਵਾਯੂ ਵਾਲੀਆਂ ਹਾਲਤਾਂ ਵਿਚ ਸਥਿਰ ਨਹੀਂ ਰਹਿੰਦਾ ਸੀ।

ਪੰਜਾਬ ਵਿਚ ਕਣਕ ਸੁਧਾਰ ਦੀ ਖੋਜ ਲਾਇਲਪੁਰ ਵਿਖੇ ਸੰਨ 1907 ਵਿਚ ਸਰਕਾਰੀ ਖੇਤੀ ਕਾਲਜ ਅਤੇ ਖੋਜ ਸੰਸਥਾ ਦੇ ਸਥਾਪਤ ਹੋਣ ਨਾਲ ਸ਼ੁਰੂ ਹੋਈ। ਸਾਰੇ ਕਣਕ ਉਗਾਉਣ ਵਾਲੇ ਖੇਤਰਾਂ ਦਾ ਸਰਵੇਖਣ ਕੀਤਾ ਗਿਆ ਅਤੇ ਵੱਖੋ-ਵੱਖਰੇ ਬੀਜਾਂ ਦੇ ਨਮੂਨੇ ਇਕੱਠੇ ਕੀਤੇ ਗਏ। ਸਰ ਅਲਵਰ ਹਾਵਰਡ ਨੇ 1911 ਵਿਚ ਇਨ੍ਹਾਂ ਨਮੂਨਿਆਂ ਦਾ ਵਰਗੀਕਰਣ ਕੀਤਾ ਅਤੇ ਇਨ੍ਹਾਂ ਨੂੰ 25 ਪਛਾਣਯੋਗ ਵਰਗਾਂ ਵਿਚ ਰੱਖਿਆ। ਵੰਡ ਤੋਂ ਪਹਿਲਾਂ ਦੇ ਸਾਲਾਂ ਵਿਚ ਇਨ੍ਹਾਂ ਵਿਚੋਂ ਤਿੰਨ ਵੰਨਗੀਆਂ ਦੀ ਕਾਸ਼ਤ ਅਜੋਕੇ ਪਾਕਿਸਤਾਨ ਦੇ ਲਾਇਲਪੁਰ, ਸਰਗੋਧਾ, ਸਿਆਲਕੋਟ ਅਤੇ ਕੁਝ ਹੋਰ ਇਲਾਕਿਆਂ ਵਿਚ ਕੀਤੀ ਜਾਂਦੀ ਸੀ। ਬਹੁਤ ਲੰਬੀਆਂ ਹੋਣ ਕਰਕੇ ਇਨ੍ਹਾਂ ਦਾ ਨਾਂ 'ਵਡਾਣਕ ਕਣਕਾਂ' ਪੈ ਗਿਆ। ਇਹ ਸਾਰੀਆਂ ਕਿਸਮਾਂ ਕੁੰਗੀਆਂ ਖ਼ਾਸ ਤੌਰ ਤੇ ਪੀਲੀ ਕੁੰਗੀ ਦੇ ਹਮਲੇ ਦਾ ਟਾਕਰਾ ਨਹੀਂ ਕਰ ਸਕਦੀਆਂ ਸਨ ਅਤੇ ਇਨ੍ਹਾਂ ਵਿਚ ਉਪਜ ਨੂੰ ਸਥਿਰ ਰੱਖਣ ਦੀ ਸਮਰਥਾ ਦੀ ਵੀ ਘਾਟ ਸੀ। ਬਾਅਦ ਵਿਚ ਉੱਤਰੀ ਭਾਰਤ ਵਿਚ ਇਸ ਕਣਕ ਦੀ ਕਾਸ਼ਤ ਪਿਛਲੀ ਸਦੀ ਦੇ ਵਿਚਕਾਰਲੇ ਸਾਲਾਂ ਵਿਚ ਤਕਰੀਬਨ ਬੰਦ ਹੋ ਗਈ।

ਆਮ ਕਣਕਾਂ ਦੇ ਉਲਟ ਵਡਾਣਕ ਕਣਕਾਂ ਆਮ ਤੌਰ ਤੇ ਖ਼ਾਸ ਵਸਤਾਂ, ਜਿਵੇਂ ਕਿ ਸੇਵੀਆਂ, ਦਲੀਆ, ਫੈਣੀਆਂ, ਨੂਡਲਜ਼ ਅਤੇ ਹੋਰ ਅਜਿਹੀਆਂ ਵਸਤਾਂ ਜਿਨ੍ਹਾਂ ਨੂੰ ਪੈਸਤਾ (Pasta) ਆਖਿਆ ਜਾਂਦਾ ਹੈ, ਬਣਾਉਣ ਦੇ ਕੰਮ ਆਉਂਦੀਆਂ ਹਨ। ਵਡਾਣਕ ਕਣਕਾਂ ਦੇ ਦਾਣੇ ਮੋਟੇ, ਸਖ਼ਤ, ਚਮਕੀਲੀ ਬਣਾਵਟ ਵਾਲੇ ਹੁੰਦੇ ਹਨ। ਇਨ੍ਹਾਂ ਵਿਚ ਵਿਭਿੰਨ ਕੈਰੋਟੀਨ ਰੰਗ ਕਣ ਮੌਜੂਦ ਹੁੰਦੇ ਹਨ। ਦਾਣਿਆਂ ਦੇ ਖ਼ਾਸ ਗੁਣਾਂ ਕਰਕੇ ਹੋਰਨਾਂ ਕਣਕਾਂ ਦੇ ਮੁਕਾਬਲੇ, ਵਡਾਣਕ ਕਣਕਾਂ ਦਾ ਦੁਨੀਆਂ ਦੀਆਂ ਮੰਡੀਆਂ ਵਿਚ ਵੱਧ ਭਾਅ ਮਿਲਦਾ ਹੈ। ਅੱਜ ਕੱਲ੍ਹ ਦੱਖਣੀ ਯੂਰਪ, ਪੱਛਮੀ ਏਸ਼ੀਆ, ਉੱਤਰੀ ਅਫ਼ਰੀਕਾ, ਭੂਮੱਧ ਖੇਤਰ ਅਤੇ ਰੂਸ ਵਿਚ ਇਨ੍ਹਾਂ ਕਣਕਾਂ ਦੀ ਬਹੁਤ ਮੰਗ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਅਨੇਕਾਂ ਮੁਲਕ 100 ਲੱਖ ਟਨ ਵਡਾਣਕ ਕਣਕ ਦਰਾਮਦ ਕਰਦੇ ਹਨ। ਅਜੋਕੀ ਮੰਗ ਦਾ ਵੱਡਾ ਹਿੱਸਾ ਅਮਰੀਕਾ, ਕੈਨੇਡਾ ਅਤੇ ਅਰਜਨਟੀਨਾ ਵਲੋਂ ਪੂਰਾ ਕੀਤਾ ਜਾਂਦਾ ਹੈ।

## ਮਧਰੀਆਂ ਵਡਾਣਕ ਕਣਕਾਂ ਦੀ ਉਤਪਤੀ

ਮਧਰੀਆਂ ਵਡਾਣਕ ਕਣਕਾਂ ਸਭ ਤੋਂ ਪਹਿਲਾਂ ਸੱਠਵਿਆਂ ਦੇ ਸ਼ੁਰੂ ਵਿਚ ਮੈਕਸੀਕੋ ਵਿਚ ਲੰਬੀਆਂ ਵਡਾਣਕਾਂ ਅਤੇ ਮਧਰੀਆਂ ਆਮ ਡਬਲਰੋਟੀ ਕਣਕਾਂ (Bread wheats) ਦੇ ਸੰਯੋਗ ਤੋਂ ਪੈਦਾ ਕੀਤੀਆਂ ਗਈਆਂ। ਵਡਾਣਕਾਂ ਵਿਚ ਮਧਰੇਪਣ ਦੇ ਪ੍ਰਵੇਸ਼ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਆਮ ਕਣਕ ਦਾ ਜੀਵਤ ਕੋਸ਼ (germplasm) ਵਡਾਣਕ ਕਣਕ ਨਾਲ ਸੰਜੋਗਹੀਣ (incompatible) ਸੀ। ਇਸ ਸੰਜੋਗਹੀਣਤਾ ਕਰਕੇ ਸ਼ੁਰੂ-ਸ਼ੁਰੂ ਵਿਚ ਪੈਦਾ ਕੀਤੀਆਂ ਗਈਆਂ ਵਡਾਣਕ ਕਣਕਾਂ ਵਿਚ ਥੋਥੇ ਸਿੱਟਿਆਂ (spike sterility) ਦੀ ਸਮੱਸਿਆ ਪੇਸ਼ ਆਈ। ਪ੍ਰੰਤੂ ਹੁਣ ਇਸ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਹੱਲ ਕਰ ਲਿਆ ਗਿਆ ਹੈ। ਅੱਜਕੱਲ੍ਹ, ਦੁਨੀਆਂ ਦੇ ਵੱਖੋ-ਵੱਖਰੇ ਭਾਗਾਂ ਵਿਚ ਵਧੀਆ ਮਧਰੀਆਂ ਵਡਾਣਕ ਕਣਕਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਆਧੁਨਿਕ ਮਧਰੀਆਂ ਵਡਾਣਕ ਕਿਸਮਾਂ ਦਾ ਝਾੜ ਵਪਾਰਕ ਪੱਧਰ ਤੇ ਕਾਸ਼ਤ ਕੀਤੀਆਂ ਜਾਂਦੀਆਂ ਆਮ ਕਣਕਾਂ ਦੇ ਬਰਾਬਰ ਹੈ। ਪਰ ਵੱਧੀਆ ਉਪਜਾਊ ਜ਼ਮੀਨਾਂ ਵਿਚ ਵਕਤ ਸਿਰ ਬੀਜੀਆਂ ਵਡਾਣਕਾਂ ਆਮ ਕਣਕਾਂ ਨਾਲੋਂ ਚੰਗਾ ਝਾੜ ਦਿੰਦੀਆਂ ਹਨ।

## ਵਡਾਣਕ ਕਣਕਾਂ ਰਾਹੀਂ ਭਿੰਨਤਾ

ਉੱਤਰੀ ਖੇਤਰ ਜਿਸ ਵਿਚ ਪੰਜਾਬ, ਹਰਿਆਣਾ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਸ਼ਾਮਲ ਹਨ, ਮੁੱਖ ਤੌਰ ਤੇ ਆਮ ਕਣਕ ਦੀ ਕਾਸ਼ਤ ਵਾਲਾ ਖੇਤਰ ਹੈ। ਅਕਸਰ ਇਕੋ ਸ਼ੁੱਧ ਕਲੀਨ (pure line) ਕਿਸਮ ਥੱਲੇ ਕਾਫ਼ੀ ਜ਼ਿਆਦਾ ਰਕਬਾ ਹੁੰਦਾ ਹੈ। ਜਿਸ ਦਾ ਨਤੀਜਾ ਹੈ ਸਮਰੂਪ-ਕਾਸ਼ਤ (mono culturing)। ਮੌਜੂਦਾ ਸੀਮਤ ਭਿੰਨਤਾ ਕਰਨਾਲ ਕਾਲੋਂ (Karnal bunt) ਅਤੇ ਕਾਂਗਿਆਰੀ ਵਰਗੀਆਂ ਬੀਮਾਰੀਆਂ ਨੂੰ ਰੋਕਣ ਵਿਚ ਅਸਫ਼ਲ ਰਹੀ ਹੈ ਕਿਉਂਕਿ ਅਜੋਕੀਆਂ ਕਾਸ਼ਤ ਹੋ

ਰਹੀਆਂ ਆਮ ਕਣਕਾਂ ਵਿਚ ਉਚਿੱਤ ਮਾਤਰਾ ਵਿਚ ਇਨ੍ਹਾਂ ਬੀਮਾਰੀਆਂ ਦਾ ਟਾਕਰਾ ਕਰਨ ਦੀ ਰੋਗ ਪ੍ਰਤੀਰੋਧਕ ਸ਼ਕਤੀ (resistance) ਨਹੀਂ ਹੈ । ਪਿਛਲੇ ਕੁਝ ਸਾਲਾਂ ਦੌਰਾਨ ਕਰਨਾਲ ਕਾਲੋਂ ਅਤੇ ਕਾਂਗਿਆਂਰੀ ਦੀ ਮਹਾਂਮਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ । ਉਤਪਾਦਨ ਵਿਚ ਸਥਿਰਤਾ ਲਿਆਉਣ ਲਈ ਫ਼ਸਲਾਂ ਵਿਚ ਭਿੰਨਤਾ ਹੋਣਾ ਬਹੁਤ ਜ਼ਰੂਰੀ ਹੈ । ਵਡਾਣਕ ਕਣਕਾਂ ਵਿਚ ਕਰਨਾਲ ਕਾਲੋਂ ਤੇ ਕਾਂਗਿਆਰੀ ਦਾ ਟਾਕਰਾ ਕਰਨ ਦੀ ਉਚ ਪੱਧਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਮੌਜੂਦ ਹੈ । ਇਸ ਤੋਂ ਇਲਾਵਾ ਵਡਾਣਕ ਕਣਕ ਨੂੰ ਲੱਗਣ ਵਾਲੀਆਂ ਕੁੰਗੀਆਂ ਦੀਆਂ ਫਿਜ਼ਿਉਲੌਜੀਕਲ-ਜਾਤੀਆਂ (physiological races) ਵੀ ਆਮ ਕਣਕਾਂ ਨਾਲੋਂ ਵੱਖਰੀਆਂ ਹਨ । ਇਸ ਖੇਤਰ ਵਿਚ ਆਮ ਕਣਕਾਂ ਦੇ ਨਾਲ-ਨਾਲ ਵਡਾਣਕ ਕਣਕਾਂ ਦੀ ਕਾਸ਼ਤ ਕਰਨਾਲ ਕਾਲੋਂ ਅਤੇ ਕਾਂਗਿਆਂਰੀ ਦੇ ਰੋਗਕਣ-ਕੋਸ਼ (inoculum) ਨੂੰ ਘਟਾ ਦਏਗੀ । ਜਿਥੋਂ ਤਕ ਕੁੰਗੀਆਂ ਦਾ ਸੰਬੰਧ ਹੈ, ਇਨ੍ਹਾਂ ਦੀਆਂ ਰੋਗ ਉਪਜਾਤੀਆਂ (biotypes) ਵਿਚ ਪਛਾਣਨਯੋਗ ਫ਼ਰਕ ਹੋਣ ਕਰਕੇ, ਵਡਾਣਕ ਕਣਕ ਬੀਮਾਰੀ ਦੇ ਫ਼ੈਲਣ ਵਿਚ ਰੁਕਾਵਟ ਪੈਦਾ ਕਰੇਗੀ ।

ਉਤਪਾਦਨ ਵਿਚ ਹੋਰ ਵੀ ਸਥਿਰਤਾ ਮੌਸਮੀ ਆਫ਼ਤਾਂ ਜਿਵੇਂ ਕਿ ਗੜ੍ਹੇਮਾਰ, ਤੇਜ਼ ਹਵਾਵਾਂ ਅਤੇ ਬੇਵਕਤੀਆਂ ਬਰਸਾਤਾਂ ਦਾ ਟਾਕਰਾ ਕਰਨ ਵਾਲੀਆਂ ਵਡਾਣਕ ਕਣਕਾਂ ਦੀ ਕਾਸ਼ਤ ਰਾਹੀਂ ਆਵੇਗੀ । ਸੰਨ 1986-1987 ਵਿਚ ਜਦੋਂ ਕਣਕ ਦੇ ਪੱਕਣ ਵੇਲੇ ਬੇਵਕਤੀਆਂ ਬਰਸਾਤਾਂ ਹੁੰਦੀਆਂ ਰਹੀਆਂ, ਆਮ ਕਣਕ ਦੀਆਂ ਤਕਰੀਬਨ ਸਾਰੀਆਂ ਕਿਸਮਾਂ ਦਾ ਪਾਣੀ ਵਿਚ ਭਿੱਜਣ ਨਾਲ ਦਾਣਿਆਂ ਦੇ ਉੱਗਣ ਕਰਕੇ ਨੁਕਸਾਨ ਹੋਇਆ । ਪਰ ਵਡਾਣਕ ਕਣਕ ਦੀਆਂ ਕਿਸਮਾਂ ਦਾ ਬਹੁਤ ਹੀ ਘੱਟ ਨੁਕਸਾਨ ਹੋਇਆ ਸੀ । ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਇਨ੍ਹਾਂ ਦੇ ਸਿੱਟਿਆਂ ਵਿਚ ਚੰਗੀ ਸੁਰੱਖਿਆ ਵਿਧੀ (protection) ਮੌਜੂਦ ਹੈ ਜੋ ਦਾਣਿਆਂ ਤੱਕ ਪਾਣੀ ਜਾਣ ਤੋਂ ਰੋਕਦੀ ਹੈ । ਦੂਸਰਾ ਨੁਕਤਾ ਜਿਸ ਦਾ ਜ਼ਿਕਰ ਕਰਨਾ ਬਣਦਾ ਹੈ ਉਹ ਇਹ ਹੈ ਕਿ ਸੰਘਣੇ ਅਤੇ ਲੰਬੇ ਕਸੀਰਾਂ ਦੇ ਹੋਣ ਕਰਕੇ ਵਡਾਣਕ ਕਣਕਾਂ ਪੰਛੀਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚ ਜਾਂਦੀਆਂ ਹਨ । ਇਸ ਤੋਂ ਇਲਾਵਾ ਜੇ ਕਿਸੇ ਵਜ੍ਹਾ ਕਰਕੇ ਫ਼ਸਲ ਨੂੰ ਪੱਕਣ ਬਾਅਦ ਠੀਕ ਸਮੇਂ ਤੇ ਨਾ ਕੱਟਿਆ ਜਾ ਸਕੇ ਤਾਂ ਵੀ ਵਡਾਣਕ ਕਣਕ ਕਾਫ਼ੀ ਹੱਦ ਤਕ ਦਾਣਿਆਂ ਦੇ ਕਿਰਨ ਨਾਲ ਹੋਣ ਵਾਲੇ ਨੁਕਸਾਨ ਤੋਂ ਬਚ ਰਹਿੰਦੀ ਹੈ । ਉਤਰ-ਪੱਛਮੀ ਜ਼ੋਨ ਵਿਚ ਜਿੱਥੇ ਕਿ ਆਮ ਕਣਕ ਦੀ ਕਾਸ਼ਤ ਹੁੰਦੀ ਹੈ, ਵਡਾਣਕ ਕਣਕ ਭਿੰਨਤਾ ਲਈ ਇਕ ਢੁੱਕਵੀਂ ਫ਼ਸਲ ਹੈ ।

ਪੰਜਾਬ ਵਿਚ ਬਰਾਮਦ ਵਾਸਤੇ ਵਡਾਣਕਾਂ ਦੇ ਅਪਨਾਉਣ ਲਈ ਇਹ ਗੱਲ ਮਦਦਗਾਰ ਹੁੰਦੀ ਹੈ ਕਿ ਪੰਜਾਬ ਕਣਕ ਦੇ ਮਾਮਲੇ ਵਿਚ ਇਕੱਲਾ ਰਾਜ ਹੈ ਜਿਹੜਾ ਕਿ ਕੇਂਦਰੀ ਭੰਡਾਰ ਵਿਚ 60-70% ਯੋਗਦਾਨ ਦੇਂਦਾ ਹੈ । ਹੁਣ ਜਦੋਂ ਕਿ ਦੇਸ਼ ਦੇ ਦੂਸਰੇ ਖੇਤਰ ਆਮ ਨਿਰਭਰਤਾ ਹਾਂਸਲ ਕਰਨ ਵਲ ਵਧ ਰਹੇ ਹਨ, ਪੰਜਾਬ ਦਾ ਨਿਸ਼ਾਨਾ ਬਰਾਮਦਾਂ ਤੋਂ ਲਾਭ ਲੈਣਾ ਹੋ ਸਕਦਾ ਹੈ ।

## ਨਿਸ਼ਾਨੇ ਅਤੇ ਮਕਸਦ

ਵਡਾਣਕ ਕਣਕ ਦੀਆਂ ਸੁਧਰੀਆਂ ਕਿਸਮਾਂ ਦੇ ਵਿਕਾਸ ਦੇ ਮੁੱਖ ਮਕਸਦ ਹਨ ਵੱਧ ਝਾੜ ਸਮਰੱਥਾ, ਬਹੁਤ ਸਾਰੀਆਂ ਬੀਮਾਰੀਆਂ ਦਾ ਟਾਕਰਾ ਕਰਨ ਲਈ ਪ੍ਰਤੀਰੋਧਕ ਸ਼ਕਤੀ, ਘਟ ਸਮੇਂ ਵਿਚ ਫ਼ਸਲ ਪੱਕਣਾ, ਸਥਿਰ ਝਾੜ, ਸੋਕੇ ਦਾ ਮੁਕਾਬਲਾ ਕਰਨ ਦੀ ਸ਼ਕਤੀ ਅਤੇ ਵਧੀਆ ਗੁਣਾਂ ਵਾਲੇ ਦਾਣੇ ਜਿਨ੍ਹਾਂ ਤੋਂ ਮਨਚਾਹੀਆਂ ਸੇਵੀਆਂ, ਬਿਸਕੁਟ ਅਤੇ ਦਲੀਏ ਵਰਗੀਆਂ ਵਸਤਾਂ ਬਣਾਈਆਂ ਜਾ ਸਕਣ । ਵਿਕਾਸਸ਼ੀਲ ਦੇਸ਼ਾਂ ਵਿਚ ਵਡਾਣਕ ਕਣਕ ਕੂਸ-ਕੂਸ, ਰੋਟੀਆਂ, ਡਬਲਰੋਟੀ ਅਤੇ ਬਹੁਤ ਹੀ ਘੱਟ ਸੇਵੀਆਂ ਅਤੇ ਪੈਸਤਾ ਵਸਤਾਂ ਤਿਆਰ ਕਰਨ ਲਈ ਹੁੰਦੀ ਹੈ । ਅਜਿਹੀਆਂ ਵਡਾਣਕਾਂ ਜਿਨ੍ਹਾਂ ਤੋਂ ਵੱਧੀਆ ਪੈਸਤਾ ਤਿਆਰ ਹੋ ਸਕਦਾ ਹੋਵੇ, ਉਨ੍ਹਾਂ ਮੁਲਕਾਂ ਲਈ ਅਹਿਮ ਹਨ ਜਿਹੜੇ ਯੂਰਪ ਦੀਆਂ ਮੰਡੀਆਂ ਵਿਚ ਬਰਾਮਦ ਲਈ ਉਤਪਾਦਨ ਕਰਨਾ ਚਾਹੁੰਦੇ ਹਨ ।

ਅਨਾਜ ਦੀ ਕੁਆਲਟੀ ਦਾਣਿਆਂ ਦੇ ਆਕਾਰ, ਸ਼ਕਲ ਅਤੇ ਘੱਣਤਾ, ਰੰਗ-ਕਣਾਂ ਦੀ ਆਭਾ ਅਤੇ ਸੇਵੀਆਂ ਬਣਾਉਣ ਵਾਲੇ ਗੁਣਾਂ ਤੇ ਨਿਰੰਭਰ ਕਰਦੀ ਹੈ । ਦਾਣੇ ਦੀ ਚਿਤਕਬਰੀ ਅਤੇ ਚਾਕ ਵਰਗੀ ਦਿੱਖ ਦੀ ਹੋਂਦ ਨੂੰ ਪੀਲੇ ਧੱਬੇ (yellow berry)ਕਿਹਾ ਜਾਂਦਾ ਹੈ । ਰੰਗ-ਕਣ (ਪੀਲਾ ਰੰਗ) ਦੀ ਪ੍ਰਤੀਸ਼ਤਤਾ ਜਿਸ ਨੂੰ ਕੈਰੋਟੀਨਾਇਡ ਦੀ ਮੌਜੂਦਗੀ ਤੋਂ ਮਾਪਿਆ ਜਾਂਦਾ ਹੈ, ਪੈਸਤਾ ਬਣਾਉਣ ਲਈ ਇਕ ਤਰਜੀਹ ਗੁਣ ਮੰਨਿਆ ਜਾਂਦਾ ਹੈ। ਚਿਤਕਬਰਾਪਣ ਜਾਂ ਪੀਲੇ ਧੱਬੇ ਵਡਾਣਕ ਕਣਕ ਦੇ ਦਾਣਿਆ ਦੀ ਕੁਆਲਿਟੀ ਤੇ ਮਾੜਾ ਪ੍ਰਭਾਵ ਪਾਉਂਦੇ ਹਨ । ਇਸ ਕਰਕੇ ਬਰਾਮਦ ਹੋਣ ਵਾਲੀਆਂ ਵਡਾਣਕਾਂ ਵਿਚ ਇਸ ਦੀ ਬਹੁਤ ਹੀ ਘੱਟ ਮਾਤਰਾ ਹੋਣੀ ਚਾਹੀਦੀ ਹੈ।

ਕਰਨਾਲ ਕਾਲੋਂ ਅਤੇ ਕਾਂਗਿਆਰੀ ਦੇ ਰੋਗਕਣ ਕੋਸ਼ ਨੂੰ ਘਟਾਉਣ ਲਈ, ਕਣਕ ਦੀ ਕਾਸ਼ਤ ਵਿਚ ਭਿੰਨਤਾ ਲਿਆਉਣ ਲਈ ਅਤੇ ਬਰਾਮਦੀ ਸੰਭਾਵਨਾਵਾਂ ਤੋਂ ਪੂਰਾ ਲਾਭ ਲੈਣ ਲਈ ਇਹ ਜ਼ਰੂਰੀ ਸਮਝਿਆ ਗਿਆ ਸੀ ਕਿ ਪੰਜਾਬ ਵਿਚ ਵਡਾਣਕ ਦੀ ਕਾਸ਼ਤ ਮੁੜ ਸ਼ੁਰੂ ਕੀਤੀ ਜਾਵੇ । ਇਸ ਨੂੰ ਧਿਆਨ ਵਿਚ ਰੱਖਦਿਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਵਡਾਣਕ ਕਣਕ ਸੰਬੰਧੀ ਖੋਜ ਸ਼ੁਰੂ ਕੀਤੀ ਗਈ । ਫਲਸਰੂਪ ਛੇ ਕਿਸਮਾਂ ਤਿਆਰ ਕਰਕੇ ਰਿਲੀਜ਼ ਕੀਤੀਆਂ ਗਈਆਂ । ਉਨ੍ਹਾਂ ਵਿਚੋਂ ਇਸ ਵੇਲੇ ਕਾਸ਼ਤ ਹੇਠਾਂ ਤਿੰਨ ਕਿਸਮਾਂ ਦੀਆਂ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਵਰਣਨ ਕੀਤੀਆਂ ਜਾਂਦੀਆਂ ਹਨ :

### ਪੀ ਡੀ ਡਬਲਯੂ 233

ਇਸ ਦੀ ਉਤਪਤੀ ਯਾਵ 'ਐੱਸ' × ਤੇਜ 'ਐੱਸ' ਦੇ ਸੰਜੋਗ ਤੋਂ ਹੋਈ ਹੈ । ਇਸਨੂੰ ਕੌਮੀ ਅਤੇ ਸੂਬਾਈ ਦੋਹਾਂ ਹੀ ਪੱਧਰਾਂ ਤੇ ਕਾਸ਼ਤ ਲਈ ਰਿਲੀਜ਼ ਕੀਤਾ ਗਿਆ ਹੈ । ਇਹ ਦੋਹਰੀ ਮੱਧਰੀ ਕ਼ਿਸਮ ਹੈ ਅਤੇ ਇਸਦੀ ਉਚਾਈ 98 ਸੈਂਟੀਮੀਟਰ ਹੈ। ਇਸਦੇ ਸਿੱਟੇ ਦਰਮਿਆਨੇ ਆਕਾਰ ਦੇ, ਭਰਵੇਂ ਅਤੇ ਕਸੀਰਾਂ ਵਾਲੇ ਹੁੰਦੇ ਹਨ।

ਇਸਦੇ ਪੱਤੇ ਖੜ੍ਹਵੇਂ ਅਤੇ ਘੁੰਡੀਆਂ ਚਿੱਟੇ ਰੰਗ ਦੀਆਂ ਅਤੇ ਘੱਟ ਲੂੰ ਵਾਲੀਆਂ ਹੁੰਦੀਆਂ ਹਨ । ਇਸਦੇ ਦਾਣੇ ਮੋਟੇ, ਇਕਸਾਰ ਅਤੇ ਬਹੁਤ ਵਧੀਆ ਕਿਸਮ ਦੇ ਹੁੰਦੇ ਹਨ, ਜੋ ਬਾਹਰ ਭੇਜਣ ਲਈ ਬਹੁਤ ਢੁਕਵੇਂ ਹਨ । ਇਸਦੇ ਦਾਣਿਆਂ ਵਿਚ ਕੈਰੋਟੀਨ ਤੱਤ (ਪੀਲੇ ਰੰਗ) ਦਾ ਮਾਤਰਾ ਬਹੁਤ ਜ਼ਿਆਦਾ ਹੈ । ਕੁਆਲਿਟੀ ਤੱਤਾਂ ਪੱਖੋਂ ਇਹ ਕਿਸਮ ਦੇਸ਼ ਭਰ ਵਿਚ ਬੀਜੀਆਂ ਜਾਣ ਵਾਲੀਆਂ ਵਡਾਣਕ ਕਿਸਮਾਂ ਵਿਚੋਂ ਸਭ ਤੋਂ ਉੱਤਮ ਹੈ । ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ, ਕਰਨਾਲ-ਕਾਲੋਂ ਅਤੇ ਕਾਂਗਿਆਰੀ ਜਿਹੇ ਰੋਗਾਂ ਦਾ ਟਾਕਰਾ ਕਰ ਸਕਦੀ ਹੈ । ਇਹ ਕਿਸਮ ਪੱਕਣ ਲਈ ਲੰਮਾ ਸਮਾਂ (150 ਦਿਨ) ਲੈਂਦੀ ਹੈ । ਇਸਦਾ ਔਸਤ ਝਾੜ 19.5 ਕੁਇੰਟਲ ਪ੍ਰਤੀ ਏਕੜ ਹੈ। (ਨੋਟ : ਤਸਵੀਰ ਅੰਤਲੇ ਪੰਨੇ ਤੇ ਵੇਖੋ) ।

**ਪੀ ਡੀ ਡਬਲਯੂ 274**

ਇਸ ਦੀ ਉਤਪਤੀ ਡੀ ਡਬਲਯੂ ਐੱਲ 6018 ਕਰਪਾਸੀਆ ਕਿਸਮਾਂ ਦੇ ਸੰਯੋਗ ਨਾਲ ਹੋਈ ਹੈ । ਇਸਨੂੰ ਸੂਬਾਈ ਪੱਧਰ ਤੇ ਕਾਸ਼ਤ ਲਈ ਰਿਲੀਜ਼ ਕੀਤਾ ਗਿਆ ਹੈ। ਇਹ ਕਿਸਮ ਵੀ ਦੋਹਰੀ ਮਧਰੀ ਕਿਸਮ ਹੈ ਅਤੇ ਇਸਦੀ ਉੱਚਾਈ 90 ਸੈਂਟੀਮੀਟਰ ਹੈ । ਇਸ ਦੇ ਪੱਤੇ ਗੂੜ੍ਹੇ ਹਰੇ, ਸਿੱਟੇ ਦਰਮਿਆਨੇ ਅਕਾਰ ਦੇ, ਭਰਵੇਂ ਅਤੇ ਕਸੀਰਾਂ ਵਾਲੇ ਹੁੰਦੇ ਹਨ । ਇਸ ਦੀਆਂ ਘੁੰਡੀਆਂ ਚਿੱਟੇ ਰੰਗ ਦੀਆਂ ਅਤੇ ਲੂੰ ਰਹਿਤ ਹੁੰਦੀਆਂ ਹਨ ਅਤੇ ਕਸੀਰ ਕਾਲੇ ਰੰਗ ਦੇ ਹੁੰਦੇ ਹਨ । ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ, ਕਰਨਾਲ-ਕਾਲੋਂ ਅਤੇ ਕਾਂਗਿਆਰੀ ਰੋਗਾਂ ਦਾ ਟਾਕਰਾ ਕਰਨ ਦੀ ਸਮਰਥਾ ਰਖਦੀ ਹੈ । ਇਸ ਦੇ ਦਾਣੇ ਮੋਟੇ, ਸਖ਼ਤ, ਚਮਕੀਲੇ ਅਤੇ ਚੰਗੀ ਗੁਣਵੱਤਾ ਵਾਲੇ ਹਨ ਜਿਨ੍ਹਾਂ ਵਿਚ ਪੀਲੇ ਧੱਬਿਆਂ (Yellow berry) ਦੀ ਮਾਤਰਾ ਬਹੁਤ ਘੱਟ ਹੈ । ਇਸਦਾ ਔਸਤ ਝਾੜ 20.9 ਕੁਇੰਟਲ ਪ੍ਰਤੀ ਏਕੜ ਹੈ ।

**ਪੀ ਡੀ ਡਬਲਯੂ 291**

ਇਸ ਕਿਸਮ ਦੀ ਉਤਪਤੀ ਬੂਮਰ 21×ਮੋਜੋ 2 ਕਿਸਮਾਂ ਦੇ ਮੇਲ ਨਾਲ ਹੋਈ ਹੈ । ਇਸ ਕਿਸਮ ਨੂੰ ਕੌਮੀ ਅਤੇ ਸੂਬਾਈ ਦੋਹਾਂ ਪੱਧਰਾਂ ਤੇ ਕਾਸਤ ਲਈ ਰਿਲੀਜ਼ ਕੀਤਾ ਗਿਆ ਹੈ । ਇਹ ਦੋਹਰੀ ਮਧਰੀ ਕਿਸਮ ਹੈ ਜਿਸਦੀ ਔਸਤ ਉੱਚਾਈ 83 ਸੈਂਟੀਮੀਟਰ ਹੈ । ਇਸ ਦੀਆਂ ਭਰਪੂਰ ਸ਼ਾਖਾਂ ਫੁਟਦੀਆਂ ਹਨ । ਇਸ ਕਿਸਮ ਦੇ ਪੱਤੇ ਗੂੜ੍ਹੇ ਹਰੇ ਅਤੇ ਸਿੱਟੇ ਭਰਵੇਂ, ਕਸੀਰਾਂ ਵਾਲੇ, ਲੂੰ ਰਹਿਤ ਚਿੱਟੀਆਂ ਘੁੰਡੀਆਂ ਵਾਲੇ ਹੁੰਦੇ ਹਨ । ਇਸ ਕਿਸਮ ਦੇ ਦਾਣੇ ਸ਼ਰਬਤੀ, ਮੋਟੇ, ਇਕਸਾਰ, ਚਮਕੀਲੇ ਅਤੇ ਘਟ ਪੀਲੇ ਧੱਬਿਆਂ (Yellow berry) ਵਾਲੇ ਹੁੰਦੇ ਹਨ । ਦਾਣਿਆਂ ਦੀ ਕੁਆਲਿਟੀ ਵਧੀਆ ਅਤੇ ਪੈਸਤਾ (Pasta) ਪਦਾਰਥਾਂ ਲਈ ਢੁਕਵੀਂ ਹੈ । ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ, ਸਿੱਟੇ ਅਤੇ ਪੱਤੇ ਦੇ ਕਾਂਗਿਆਰੀ ਰੋਗਾਂ ਦਾ ਟਾਕਰਾ ਕਰ ਸਕਦੀ ਹੈ । ਇਸਨੂੰ ਚਿੱਟੇ ਧੱਬਿਆਂ ਦਾ ਰੋਗ ਅਤੇ ਪੱਤੇ ਤੇ ਸਿੱਟੇ ਦੇ ਝੁਲਸ ਰੋਗ ਵੀ ਘੱਟ ਲੱਗਦੇ ਹਨ । ਇਸਨੂੰ ਕਰਨਾਲ-ਕਾਲੋਂ ਰੋਗ ਵੀ ਨਹੀਂ ਲੱਗਦਾ । ਇਹ ਕਿਸਮ ਘੱਟ

ਚਹਿੰਦੀ ਹੈ । ਇਹ ਲੰਮਾ ਸਮਾਂ ਲੈਣ ਵਾਲੀ ਕਿਸਮ ਹੈ ਅਤੇ ਤਕਰੀਬਨ 155 ਦਿਨਾਂ ਵਿਚ ਪੱਕਦੀ ਹੈ । ਇਸਦਾ ਔਸਤਨ ਝਾੜ 19.4 ਕੁਇੰਟਲ ਪ੍ਰਤੀ ਏਕੜ ਹੈ। ਖੋਜ ਕੇਂਦਰਾਂ ਅਤੇ ਕਿਸਾਨਾਂ ਦੇ ਖੇਤਾਂ ਤੇ ਹੋਏ ਤਜ਼ਰਬਿਆਂ ਵਿਚ ਇਸ ਕਿਸਮ ਨੇ ਪੀ ਡੀ ਡਬਲਯੂ 233 ਅਤੇ ਪੀ ਡੀ ਡਬਲਯੂ 274 ਕਿਸਮਾਂ ਨਾਲੋਂ ਵੱਧ ਝਾੜ ਦਿੱਤਾ ਹੈ । (ਨੋਟ : ਤਸਵੀਰ ਅੰਤਲੇ ਪੰਨੇ ਤੇ ਦੇਖੋ) ।

## ਵਡਾਣਕ ਕਣਕਾਂ ਦਾ ਅਪਣਾਇਆ ਜਾਣਾ ਅਤੇ ਇਸ ਦਾ ਪ੍ਰਭਾਵ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਕੀਤੀ ਗਈ ਖੋਜ ਦੇ ਫ਼ਲਸਰੂਪ ਵਡਾਣਕ ਦੀ ਡੀ ਡਬਲਯੂ ਐੱਲ 5023 ਕਿਸਮ ਸੰਨ 1980 ਵਿਚ ਕੌਮੀ ਅਤੇ ਸੂਬਾਈ ਦੋਹਾਂ ਪੱਧਰਾਂ ਤੇ ਰਿਲੀਜ਼ ਕੀਤੀ ਗਈ । ਇਹ ਉੱਤਰੀ ਭਾਰਤ ਵਿਚ ਰਿਲੀਜ਼ ਹੋਣ ਵਾਲੀ ਪਹਿਲੀ ਮਧਰੀ ਵਡਾਣਕ ਕਿਸਮ ਸੀ । ਤਕਰੀਬਨ 40 ਸਾਲ ਦੇ ਵਕਫ਼ੇ ਬਾਅਦ ਸੰਨ 1980 ਵਿਚ ਪੰਜਾਬ ਵਿਚ ਵਡਾਣਕ ਕਣਕ ਦੀ ਕਾਸ਼ਤ ਮੁੜ ਸ਼ੁਰੂ ਹੋਈ ਜਦੋਂ ਇਸ ਕਿਸਮ ਦਾ ਬੀਜ ਰਾਜ ਦੇ ਕਿਸਾਨਾਂ ਨੂੰ ਵੰਡਿਆ ਗਿਆ । ਇਸ ਵਿਚ ਕਰਨਾਲ ਕਾਲੋਂ ਅਤੇ ਕਾਂਗਿਆਰੀ ਰੋਗਾਂ ਦੇ ਹਮਲੇ ਦਾ ਟਾਕਰਾ ਕਰਨ ਵਾਲੀ ਪ੍ਰਤੀਰੋਧਕ ਸ਼ਕਤੀ ਹੋਣ ਕਰਕੇ ਸ਼ੁਰੂ ਵਿਚ ਵਡਾਣਕ ਕਣਕ ਦੀ ਕਾਸ਼ਤ, ਮਾਝੇ ਦੇ ਇਲਾਕੇ ਵਿਚ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਅਤੇ ਥੋੜਾ ਜਿਹਾ ਰਕਬਾ ਹੁਸ਼ਿਆਰਪੁਰ ਅਤੇ ਰੋਪੜ ਵਿਚ ਜਿਥੇ ਕਿ ਬੀਮਾਰੀਆਂ ਨਾਲ ਜ਼ਿਆਦਾ ਨੁਕਸਾਨ ਹੁੰਦਾ ਸੀ, ਆਰੰਭੀ ਗਈ । ਇਸ ਤੋਂ ਬਾਅਦ ਸੰਨ 1983 ਵਿਚ ਇਕ ਹੋਰ ਕਿਸਮ ਪੀ ਬੀ ਡਬਲਯੂ 34 ਰਿਲੀਜ਼ ਕੀਤੀ ਗਈ ਜਿਸ ਵਿਚ ਕੁੰਗੀਆਂ, ਕਰਨਾਲ ਕਾਲੋਂ ਅਤੇ ਕਾਂਗਿਆਰੀ ਰੋਗਾਂ ਦੇ ਹਮਲੇ ਦਾ ਟਾਕਰਾ ਕਰਨ ਵਾਲੀ ਪ੍ਰਤੀਰੋਧਕ ਸ਼ਕਤੀ ਸੀ । ਇਸ ਦੇ ਇਲਾਵਾ ਪੀ ਬੀ ਡਬਲਯੂ 34 ਦੇ ਦਾਣਿਆਂ ਦੀ ਕੁਆਲਿਟੀ ਵੀ ਉਤਮ ਦਰਜ਼ੇ ਦੀ ਸੀ ਜਿਹੜੀ ਕਿ ਪੈਸਤਾ ਵਸਤਾਂ ਅਤੇ ਬਰਾਮਦ ਲਈ ਕਾਫ਼ੀ ਢੁਕਵੀਂ ਸੀ । ਪੀ ਬੀ ਡਬਲਯੂ 34 ਵੱਡੀ ਪੱਧਰ ਤੇ ਮਾਝੇ ਦੇ ਇਲਾਕੇ ਵਿਚ ਪ੍ਰਚੱਲਤ ਹੋਈ ਜਿਥੇ ਪਹਿਲਾਂ ਡੀ ਡਬਲਯੂ ਐੱਲ 5023 ਅਪਣਾਈ ਗਈ ਸੀ ਸੰਨ 1990 ਵਿਚ ਕੀਤੇ ਗਏ ਮੁਢਲੇ ਸਰਵੇਖਣ ਤੋਂ ਇਹ ਪਤਾ ਲਗਾ ਕਿ ਗੁਰਦਾਸਪੁਰ ਜ਼ਿਲ੍ਹੇ ਵਿਚ ਕਣਕ ਦੀ ਕਾਸ਼ਤ ਵਾਲੇ ਰਕਬੇ ਦੇ ਤਕਰੀਬਨ 20% ਤੇ ਵਡਾਣਕ ਕਣਕ ਕਾਸ਼ਤ ਹੁੰਦੀ ਸੀ ਅਤੇ ਇਸ ਥੱਲੇ ਮੁੱਖ ਇਲਾਕੇ ਸਨ ਬਟਾਲਾ, ਕਾਹਨੂੰਵਾਨ, ਕਾਦੀਆਂ, ਹਰਚੋਵਾਲ, ਸ਼੍ਰੀ ਹਰਗੋਬਿੰਦਪੁਰ, ਧਾਰੀਵਾਲ, ਫਤਿਹਗੜ੍ਹ ਚੂੜੀਆਂ ਤੇ ਜ਼ਫ਼ਰਵਾਲ । ਏਸੇ ਤਰ੍ਹਾਂ ਹੀ ਇਸ ਕਣਕ ਦੀ ਕਾਸ਼ਤ ਅੰਮ੍ਰਿਤਸਰ ਵਿਚ ਜ਼ਿਆਦਾ ਕਰਕੇ ਜੈਂਤੀਪੁਰਾ, ਕੱਥੂ ਨੰਗਲ, ਘੁਮਾਣ, ਖਾਨਕੋਟ, ਮਾਨਾਂ ਵਾਲਾ, ਅਜਨਾਲਾ, ਰੰਘੜਨੰਗਲ ਅਤੇ ਮਹਿਤਾ ਚੌਂਕ ਦੇ ਇਲਾਕਿਆਂ ਵਿਚ ਹੁੰਦੀ ਰਹੀ ਹੈ ।

ਵਡਾਣਕ ਕਿਸਮਾਂ ਤੋਂ ਵਧ ਝਾੜ ਲੈਣ ਵਾਸਤੇ ਉਪਜਾਊ ਜ਼ਮੀਨਾਂ ਦੀ ਜ਼ਰੂਰਤ ਹੈ ਅਤੇ ਇਨ੍ਹਾਂ ਨੂੰ ਪੱਕਣ ਲਈ ਸਮਾਂ ਵੀ ਜ਼ਿਆਦਾ ਚਾਹੀਦਾ ਹੈ ਕਿਉਂਕਿ ਮਾਝੇ ਦੇ ਇਲਾਕੇ ਵਿਚ ਕਣਕ ਦੇ ਪੱਕਣ ਵੇਲੇ ਤਾਪਮਾਨ ਘੱਟ ਹੁੰਦਾ ਹੈ ਅਤੇ ਇਸ ਇਲਾਕੇ

ਦੀਆਂ ਜ਼ਮੀਨਾਂ ਭਾਰੀਆਂ ਹਨ ਇਸ ਕਰਕੇ ਵਡਾਣਕ ਦੀ ਕਾਸ਼ਤ ਥੋੜੇ ਸਮੇਂ ਵਿਚ ਹੀ ਇਸ ਇਲਾਕੇ ਵਿਚ ਵੱਡੇ ਰਕਬੇ ਵਿਚ ਹੋਣ ਲੱਗੀ । ਵਡਾਣਕ ਕਣਕ ਦੀ ਕਾਸ਼ਤ ਮੁੱਖ ਤੌਰ ਤੇ ਨੀਮ ਪਹਾੜੀ ਇਲਾਕੇ ਵਿਚ ਹੋਣ ਦਾ ਇਕ ਹੋਰ ਕਾਰਨ ਸੀ ਇਸ ਵਿਚ ਕਰਨਾਲ ਕਾਲੋਂ ਦੇ ਹਮਲੇ ਦਾ ਟਾਕਰਾ ਕਰਨ ਲਈ ਪ੍ਰਤੀਰੋਧਕ ਸ਼ਕਤੀ ਦਾ ਹੋਣਾ। ਕਿਸਾਨਾਂ ਨੇ ਵਡਾਣਕ ਕਿਸਮਾਂ ਤੋਂ 24-25 ਕੁਇੰਟਲ ਪ੍ਰਤੀ ਏਕੜ ਤਕ ਝਾੜ ਪ੍ਰਾਪਤ ਕੀਤਾ । ਭਾਰੀਆਂ ਉਪਜਾਊ ਜ਼ਮੀਨਾਂ ਵਿਚ ਦਾਣਿਆਂ ਵਿਚ ਚਿਤਕਬਰਾਪਣ ਵੀ ਘੱਟ ਆਉਂਦਾ ਹੈ ਜਿਹੜੀ ਕਿ ਬਰਾਮਦ ਲਈ ਪਹਿਲੀ ਸ਼ਰਤ ਹੈ ਕਿਉਂਕਿ ਦਰਾਮਦ ਕਰਨ ਵਾਲੇ ਮੁਲਕ ਤਾਂ ਹੀ ਦਰਾਮਦ ਦੀ ਆਗਿਆ ਦੇਂਦੇ ਹਨ ਜੇ ਇਸ ਦੇ ਦਾਣਿਆਂ ਤੇ ਬਹੁਤ ਹੀ ਘੱਟ ਪ੍ਰਤੀਸ਼ਤ ਵਿਚ ਪੀਲੇ ਧੱਬੇ (Yellow berry) ਹੋਣ।




*ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਕਣਕ ਅਧੀਨ ਰਕਬਾ*

ਇਕ ਹੋਰ ਕਿਸਮ ਜਿਸ ਦਾ ਨਾਂ ਪੀ ਡੀ ਡਬਲਯੂ 215 ਹੈ ਸੰਨ 1990 ਵਿਚ ਸਾਰੇ ਉੱਤਰ ਪੱਛਮੀ ਜ਼ੋਨ ਅਤੇ ਪੰਜਾਬ ਲਈ ਰਿਲੀਜ਼ ਕੀਤੀ ਗਈ । ਇਸ ਦੇ ਦਾਣਿਆਂ ਦੀ ਕੁਆਲਿਟੀ ਵੀ ਉੱਤਮ ਦਰਜੇ ਦੀ ਅਤੇ ਪੈਸਤਾ ਪਦਾਰਥ ਬਣਾਉਣ ਲਈ ਕਾਫੀ ਢੁਕਵੀਂ ਸੀ । ਸੰਨ 1995 ਵਿਚ ਇਕ ਹੋਰ ਵਡਾਣਕ ਕਿਸਮ ਪੀ ਡੀ ਡਬਲਯੂ 233 ਦੀ ਸਾਰੇ ਉੱਤਰ ਪੱਛਮੀ ਭਾਰਤ ਜਿਸ ਵਿਚ ਪੰਜਾਬ ਵੀ ਸ਼ਾਮਲ ਹੈ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ । ਕੁਆਲਿਟੀ ਪਖੋਂ ਇਹ ਦੇਸ਼ ਭਰ ਵਿਚ ਕਾਸ਼ਤ ਕੀਤੀਆਂ ਜਾ ਰਹੀਆਂ ਵਡਾਣਕ ਕਿਸਮਾਂ ਵਿਚੋਂ ਉੱਤਮ ਹੈ । ਇਸਦੇ ਦਾਣਿਆਂ ਵਿਚ ਕੈਰੋਟੀਨ ਤੱਤ ਦੀ ਮਾਤਰਾ ਕਾਫ਼ੀ ਜ਼ਿਆਦਾ ਹੈ (7.8 ਪੀ ਪੀ ਐੱਮ)। ਸਵਿਟਜ਼ਰਲੈਂਡ ਵਿਚ ਹੋਏ ਤਜ਼ਰਬਿਆਂ ਦੇ ਆਧਾਰ ਤੇ ਇਹ ਕਿਸਮ ਪੈਸਤਾ ਪਦਾਰਥ ਬਣਾਉਣ ਲਈ ਬਹੁਤ ਹੀ ਢੁਕਵੀਂ ਹੈ ।

ਸੰਨ 2001 ਵਿਚ ਵਡਾਣਕ ਕਿਸਮ ਪੀ ਡੀ ਡਬਲਯੂ 274 ਦੀ ਸਿਫ਼ਾਰਸ਼ ਪੰਜਾਬ ਲਈ ਕੀਤੀ ਗਈ । ਇਸ ਕਿਸਮ ਦਾ ਝਾੜ ਪਹਿਲੀਆਂ ਵਡਾਣਕ ਕਿਸਮਾਂ ਨਾਲੋਂ ਜ਼ਿਆਦਾ ਹੈ ਅਤੇ ਇਸ ਵਿਚ ਪੀਲੇ ਧੱਬਿਆਂ ਦੀ ਮਾਤਰਾ ਵੀ ਸਾਰੀਆਂ ਵਡਾਣਕ ਕਿਸਮਾਂ ਨਾਲੋਂ ਘੱਟ ਹੈ । ਸੰਨ 2005 ਵਿਚ ਇਕ ਨਵੀਂ ਵਡਾਣਕ ਕਿਸਮ ਪੀ ਡੀ ਡਬਲਯੂ 291 ਸਾਰੇ ਉਤਰ-ਪੱਛਮੀ ਭਾਰਤ ਅਤੇ ਪੰਜਾਬ ਲਈ ਰਿਲੀਜ਼ ਕੀਤੀ ਗਈ। ਇਸ ਕਿਸਮ ਦਾ ਝਾੜ ਪਹਿਲੀਆਂ ਵਡਾਣਕ ਕਿਸਮਾਂ ਨਾਲੋਂ ਜ਼ਿਆਦਾ ਹੋਣ ਕਰਕੇ ਵਡਾਣਕ ਅਤੇ ਆਮ ਕਣਕ ਦੀਆਂ ਕਿਸਮਾਂ ਦੇ ਝਾੜ ਵਿਚ ਫ਼ਰਕ ਕਾਫ਼ੀ ਘੱਟ ਗਿਆ ਹੈ । ਇਹ ਕਿਸਮ ਕੁਆਲਿਟੀ ਪੱਖੋਂ ਵਧੀਆ ਹੈ ਅਤੇ ਪੈਸਤਾ ਪਦਾਰਥ ਤਿਆਰ ਕਰਨ ਲਈ ਬਹੁਤ ਢੁਕਵੀਂ ਹੈ ।

ਪਿਛਲੇ ਕਈ ਦਹਾਕਿਆਂ ਤੋਂ ਭਾਰਤ ਦੇ ਕੇਂਦਰੀ ਅਤੇ ਤੱਟੀ ਇਲਾਕਿਆਂ ਵਿਚ ਹੀ ਵਡਾਣਕ ਕਣਕ ਦੀ ਕਾਸ਼ਤ ਪ੍ਰਚਲਤ ਰਹੀ ਹੈ । ਇਨ੍ਹਾਂ ਇਲਾਕਿਆਂ ਵਿਚ ਵਡਾਣਕ ਕਿਸਮਾਂ ਦੀ ਬਰਾਨੀ ਖੇਤੀ ਹੁੰਦੀ ਰਹੀ ਹੈ ਅਤੇ ਇਨ੍ਹਾਂ ਦਾ ਝਾੜ ਬਹੁਤ ਹੀ ਘੱਟ ਹੁੰਦਾ ਹੈ । ਫ਼ਲਸਰੂਪ ਜਿਣਸ ਨੂੰ ਮੰਡੀਆਂ ਵਿਚ ਵੇਚਣ ਲਈ ਨਹੀਂ ਲਿਆਇਆ ਜਾਂਦਾ ਸੀ. ਬਲਕਿ ਇਸ ਦੀ ਵਰਤੋਂ ਜ਼ਿਆਦਾ ਕਰ ਕੇ ਘਰੇ ਹੀ ਕਰ ਲਈ ਜਾਂਦੀ ਸੀ । ਵਡਾਣਕ ਕਣਕ ਦੇ ਆਟੇ ਤੋਂ ਤਿਆਰ ਹੋਣ ਵਾਲੀਆਂ ਵਸਤਾਂ ਜਿਵੇਂ ਕਿ ਸੇਵੀਆਂ, ਫੈਣੀਆਂ ਅਤੇ ਅਨੇਕਾਂ ਹੋਰ ਸਹਿ-ਉਤਪਾਦਨ (biproducts) ਦੀਆਂ ਸਨਅਤੀ ਇਕਾਈਆਂ ਦੱਖਣੀ ਰਾਜਾਂ ਜਿਵੇਂ ਕਿ ਮਹਾਰਾਸ਼ਟਰ, ਕਰਨਾਟਕ ਅਤੇ ਤਾਮਿਲਨਾਡੂ ਵਗ਼ੈਰਾ ਵਿਚ ਲੱਗੀਆਂ ਹੋਈਆਂ ਹਨ । ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਰਾਜਾਂ ਦੇ ਵਪਾਰੀ ਵਡਾਣਕ ਕਣਕ ਨੂੰ ਖ਼ਰੀਦ ਕੇ ਇਸ ਨੂੰ ਦੱਖਣੀ ਇਲਾਕਿਆਂ ਵਿਚ ਲੈ ਜਾਣ ਲਈ ਏਸ਼ੀਆ ਦੀ ਸਭ ਤੋਂ ਵੱਡੀ ਮੰਡੀ ਖੰਨਾ (ਜ਼ਿਲ੍ਹਾ ਲੁਧਿਆਣਾ) ਵਿਖੇ ਆਉਂਦੇ ਰਹੇ ਹਨ ।

ਇਹ ਵਪਾਰੀ ਵਡਾਣਕ ਕਣਕ ਦੇ ਢੇਰਾਂ ਤੇ 25 ਤੋਂ ਲੈ ਕੇ 50 ਰੁਪਏ ਪ੍ਰਤੀ ਕੁਇੰਟਲ ਤਕ ਵਧ ਭਾਅ ਦਿੰਦੇ ਰਹੇ ਹਨ । ਲਗਾਤਾਰ ਵਧ ਭਾਅ ਮਿਲਣ ਕਰ ਕੇ ਕਿਸਾਨ ਵਡਾਣਕ ਕਣਕ ਵਿਚ ਖ਼ੂਬ ਦਿਲਚਸਪੀ ਲੈਣ ਲੱਗ ਪਏ ਅਤੇ ਇਸ ਤਰ੍ਹਾਂ ਖੰਨੇ ਦੇ ਆਲੇ-ਦੁਆਲੇ ਇਸ ਕਣਕ ਦੇ ਰਕਬੇ ਵਿਚ ਕਾਫ਼ੀ ਵਾਧਾ ਹੋਇਆ । ਸ਼ੁਰੂ ਵਿਚ ਚਾਹੇ ਸੀਮਤ ਜਿਹੇ ਰਕਬੇ ਵਿਚ ਇਸ ਕਣਕ ਦੀ ਕਾਸ਼ਤ ਹੁੰਦੀ ਰਹੀ ਪਰ ਪਿਛਲੇ ਸਾਲਾਂ ਵਿਚ ਇਸ ਕਣਕ ਦੇ ਰਕਬੇ ਵਿਚ ਅਨੇਕਾਂ ਗੁਣਾਂ ਵਾਧਾ ਹੋਇਆ ਅਤੇ ਇਸ ਦੀ ਮਾਰ ਵਿਚ ਲਾਗਲੇ ਜ਼ਿਲ੍ਹਿਆਂ ਜਿਵੇਂ ਕਿ ਪਟਿਆਲਾ, ਸੰਗਰੂਰ, ਫਤਿਹਗੜ੍ਹ ਸਾਹਿਬ ਅਤੇ ਰੋਪੜ ਦਾ ਰਕਬਾ ਵੀ ਆ ਗਿਆ । ਮੌਜੂਦਾ ਪੱਟੀ ਵਿਚ ਲੁਧਿਆਣਾ ਜ਼ਿਲ੍ਹੇ ਦੀ ਤਕਰੀਬਨ ਸਾਰੀ ਖੰਨਾ ਤਹਿਸੀਲ ਅਤੇ ਸਮਰਾਲਾ ਤਹਿਸੀਲ ਦਾ ਬਹੁਤ ਸਾਰਾ ਰਕਬਾ ਸ਼ਾਮਲ ਹੈ । ਵਡਾਣਕ ਕਣਕ ਦੀ ਕਾਸ਼ਤ ਪਟਿਆਲਾ ਜ਼ਿਲ੍ਹੇ ਵਿਚ ਸਰਹੰਦ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਭਾਦਸੋਂ, ਗੋਬਿੰਦਗੜ੍ਹ, ਅਮਲੋਹ, ਨਰਾਇਣਗੜ੍ਹ ਅਤੇ ਕਈ ਹੋਰ ਇਲਾਕਿਆ ਵਿਚ ਹੁੰਦੀ ਹੈ । ਇਸੇ ਤਰ੍ਹਾਂ ਸੰਗਰੂਰ ਅਤੇ ਰੋਪੜ ਦੇ ਜ਼ਿਲ੍ਹਿਆਂ ਵਿਚ ਇਸ ਦੀ ਕਾਸ਼ਤ ਕਾਫ਼ੀ ਰਕਬੇ ਵਿਚ ਹੁੰਦੀ ਹੈ।




*ਖੰਨਾ ਦੇ ਆਲੇ-ਦੁਆਲੇ ਚਾਰ ਜ਼ਿਲ੍ਹਿਆਂ ਵਿਚ ਵਡਾਣਕ ਅਧੀਨ ਰਕਬਾ*

ਚਿੱਤਰ ਵਿਚ ਵਡਾਣਕ ਕਣਕ ਦੀ ਕਾਸ਼ਤ ਵਾਲੇ ਰਕਬੇ ਨੂੰ ਦਰਸਾਇਆ ਗਿਆ ਹੈ ਜਿਸ ਵਿਚ ਸਰਹੰਦ, ਭਾਦਸੋਂ, ਗੋਬਿੰਦਗੜ੍ਹ, ਅਮਲੋਹ, ਨਰਾਇਣਗੜ੍ਹ ਅਤੇ ਕੁਝ ਹੋਰ ਇਲਾਕੇ ਸ਼ਾਮਲ ਹਨ । ਭਾਵੇਂ ਵਡਾਣਕ ਕਣਕ ਦੀ ਕਾਸ਼ਤ ਇਕੜ-ਦੁੱਕੜ ਟੁਕੜਿਆਂ ਦੇ ਰੂਪ ਵਿਚ ਸਾਰੇ ਹੀ ਰਾਜ ਵਿਚ ਹੁੰਦੀ ਹੈ ਪਰ ਸ਼ੁਰੂ ਵਿਚ ਇਸ ਦੀ ਕਾਸ਼ਤ ਵਾਲਾ ਮੁੱਖ ਰਕਬਾ ਮਾਝੇ ਦੇ ਇਲਾਕੇ (ਗੁਰਦਾਸਪੁਰ ਅਤੇ ਅੰਮ੍ਰਿਤਸਰ) ਵਿਚ ਹੀ ਸੀ ਅਤੇ ਇਸ ਤੋਂ ਮਗਰੋਂ ਆਉਂਦੀ ਹੈ ਇਹ ਨਵੀਂ ਉੱਭਰੀ ਪੱਟੀ ਜਿਸ ਵਿਚ ਰਾਜ ਦੇ ਕੇਂਦਰੀ ਜ਼ਿਲ੍ਹੇ ਸ਼ਾਮਲ ਹਨ । ਪਰ ਖੰਨੇ ਅਤੇ ਕੁਝ ਹੋਰ ਮੰਡੀਆਂ ਵਿਚ ਵੱਧ ਭਾਅ ਮਿਲਣ ਕਰਕੇ ਹੋਰਨਾਂ ਇਲਾਕਿਆਂ ਦੇ ਮੁਕਾਬਲੇ ਇਸ ਇਲਾਕੇ ਵਿਚ ਵਡਾਣਕ ਦੇ ਰਕਬੇ ਵਿਚ ਜ਼ਿਆਦਾ ਵਾਧਾ ਹੋਇਆ ਹੈ । ਜ਼ਿਆਦਾ ਕਰਕੇ ਵਡਾਣਕ ਕਣਕ ਦੀ ਉਪਜ ਖੰਨਾ ਮੰਡੀ ਵਿਚ ਵੇਚੀ ਜਾਂਦੀ ਹੈ ਕਿਉਂਕਿ ਇਥੇ ਸਾਰਾ ਸਾਲ ਹੀ ਵੱਧ ਭਾਅ ਮਿਲਦਾ ਹੈ । ਕੁਝ ਵਿਸ਼ੇਸ਼ ਸਾਲਾਂ ਦੌਰਾਨ ਖੰਨੇ ਦੀਆਂ ਲਾਗਲੀਆਂ ਹੋਰਨਾਂ ਮੰਡੀਆਂ ਜਿਵੇਂ ਕਿ ਦੋਰਾਹਾ, ਸਰਹੰਦ, ਗੋਬਿੰਦਗੜ੍ਹ ਅਤੇ ਮੋਰਿੰਡਾ ਵਿਚ ਵੱਧ ਭਾਅ ਮਿਲਦਾ ਰਿਹਾ ਹੈ ।

## ਵਡਾਣਕ ਕਣਕ ਦੀ ਕਾਸ਼ਤ ਲਈ ਸਿਫ਼ਾਰਸ਼ਾਂ

### ਜ਼ਮੀਨ ਦੀ ਕਿਸਮ

ਵਡਾਣਕ ਕਣਕਾਂ ਉਪਜਾਊ ਜ਼ਮੀਨਾਂ ਵਿਚ ਚੰਗਾ ਝਾੜ ਦੇਂਦੀਆਂ ਹਨ । ਇਸ ਲਈ ਇਨ੍ਹਾਂ ਦੀ ਕਾਸ਼ਤ ਬੁਨਿਆਦੀ ਤੌਰ ਤੇ ਉਪਜਾਊ ਜ਼ਮੀਨਾਂ ਵਿਚ ਕਰਨੀ ਚਾਹੀਦੀ ਹੈ । ਹਲਕੀਆਂ ਅਤੇ ਰੇਤਲੀਆਂ ਜ਼ਮੀਨਾਂ ਤੇ ਇਨ੍ਹਾਂ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ ।

## ਜ਼ਮੀਨ ਦੀ ਤਿਆਰੀ ਲਈ ਵਾਹੀ

ਵਡਾਣਕ ਕਣਕ ਲਈ ਜ਼ਮੀਨ ਤਿਆਰ ਕਰਨ ਲਈ ਵਾਹੀ ਝੋਨੇ ਅਤੇ ਬਾਕੀ ਸਾਉਣੀ ਦੀਆਂ ਫ਼ਸਲਾਂ ਤੋਂ ਬਾਅਦ ਵੱਖੋ-ਵੱਖਰੇ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ । ਇਨ੍ਹਾਂ ਤਰੀਕਿਆਂ ਨੂੰ ਹੇਠ ਲਿਖੇ ਅਨੁਸਾਰ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ ।

### ਝੋਨੇ ਤੋਂ ਬਾਅਦ

ਜੇ ਖੇਤ ਵਿਚ ਗਿੱਲ ਕਾਫ਼ੀ ਹੋਏ ਤਾਂ ਬਿਨਾਂ ਰੌਣੀ ਤੋਂ ਵਾਹੀ ਕਰ ਲਓ ਨਹੀਂ ਤਾਂ ਰੌਣੀ ਕਰ ਲਵੋ । ਬਾਅਦ ਵਿਚ ਇਕ ਵਾਰ ਟ੍ਰੈਕਟਰ ਜਾਂ ਬਲਦਾਂ ਨਾਲ ਚੱਲਣ ਵਾਲੀਆਂ ਤਵੀਆਂ ਮਾਰ ਲਓ । ਉਸ ਤੋਂ ਬਾਅਦ ਸੁਹਾਗਾ ਫੇਰ ਦਿਓ । ਬਲਦਾਂ ਨਾਲ ਚੱਲਣ ਵਾਲੀਆਂ ਤਵੀਆਂ ਅਤੇ ਕੱਦੂ ਕਰਨ ਵਾਲੀ ਡਿਸਕ ਹੈਰੋ ਵੀ ਬੀਜਾਈ ਵਾਸਤੇ ਜ਼ਮੀਨ ਤਿਆਰ ਕਰਨ ਲਈ ਵਰਤੀ ਜਾ ਸਕਦੀ ਹੈ । ਇਕ ਵਾਹੀ ਜ਼ਮੀਨ ਨੂੰ ਚੰਗੀ ਤਰ੍ਹਾਂ ਖੋਲ੍ਹਣ ਲਈ ਕਰੋ ਕਿਉਂਕਿ ਵਡਾਣਕ ਕਣਕ ਦੀ ਭਾਰੀਆਂ ਜ਼ਮੀਨਾਂ ਲਈ ਸਿਫ਼ਾਰਸ਼ ਹੈ ਇਸ ਲਈ ਇਕ ਹੋਰ ਵਾਹੀ ਸੁਹਾਗਾ ਮਾਰਨ ਤੋਂ ਪਹਿਲਾਂ ਕਰੋ । ਟ੍ਰੈਕਟਰ ਨਾਲ ਚੱਲਣ ਵਾਲੇ ਹੱਲ ਅਤੇ ਜ਼ਮੀਨ ਨੂੰ ਬਰੀਕ ਕਰਨ ਅਤੇ ਕੱਦੂ ਕਰਨ ਵਾਲਾ ਰੋਲਰ ਵੀ ਬੀਜਾਈ ਵਾਸਤੇ ਜ਼ਮੀਨ ਤਿਆਰ ਕਰਨ ਲਈ ਵਰਤਿਆ ਜਾ ਸਕਦਾ ਹੈ ।

ਜਦੋਂ ਝੋਨੇ ਦੀ ਕਟਾਈ ਕੰਬਾਈਨ ਨਾਲ ਕੀਤੀ ਗਈ ਹੋਵੇ ਤਾਂ ਪਿੱਛੇ ਬਚੀ ਪਰਾਲੀ ਨੂੰ ਜ਼ਮੀਨ ਦੇ ਵਿਚ ਹੀ ਵਾਹ ਕੇ ਮਿੱਟੀ ਵਿਚ ਮਿਲਾ ਦਿਓ ਅਤੇ ਸਿਫ਼ਾਰਸ਼ ਕੀਤੀਆਂ ਐੱਨ ਪੀ ਕੇ ਖਾਦਾਂ ਪਾਓ । ਇਸ ਨਾਲ ਫ਼ਸਲ ਦੇ ਝਾੜ ਤੇ ਕੋਈ ਮਾੜਾ ਅਸਰ ਨਹੀਂ ਪਵੇਗਾ । ਪਰਾਲੀ ਨੂੰ ਮਿੱਟੀ ਵਿਚ ਰਲਾਉਂਦੇ ਰਹਿਣ ਨਾਲ ਲੰਬੇ ਸਮੇਂ ਤੋਂ ਬਾਅਦ ਭੂਮੀ ਦੇ ਗੁਣਾਂ ਵਿਚ ਵੀ ਸੁਧਾਰ ਆਉਂਦਾ ਹੈ । ਪਰਾਲੀ ਨੂੰ ਚੰਗੀ ਤਰ੍ਹਾਂ ਜ਼ਮੀਨ ਵਿਚ ਰਲਾਉਣ ਲਈ ਇਕ ਦੀ ਬਜਾਏ ਦੋ ਵਾਰੀ ਤਵੀਆਂ ਨਾਲ ਵਾਹੋ ਅਤੇ ਇਸ ਤੋਂ ਮਗਰੋਂ ਉੱਪਰ ਦੱਸੇ ਅਨੁਸਾਰ ਵਾਹੀ ਕਰੋ ।

### ਹੋਰ ਫ਼ਸਲਾਂ ਤੋਂ ਪਿਛੋਂ

ਰੌਣੀ ਮਗਰੋਂ ਵੱਤਰ ਆਉਣ ਤੇ ਦੋ ਵਹਾਈਆਂ ਟ੍ਰੈਕਟਰ ਨਾਲ ਚੱਲਣ ਵਾਲੇ ਕਲਟੀਵੇਟਰ ਜਾਂ ਬਲਦਾਂ ਵਾਲੇ ਹੱਲ ਨਾਲ ਕਰੋ ਅਤੇ ਸੁਹਾਗਾ ਫੇਰ ਦਿਓ । ਟ੍ਰੈਕਟਰ ਵਾਲੇ ਹੱਲ ਜਿਨ੍ਹਾਂ ਨਾਲ ਜ਼ਮੀਨ ਨੂੰ ਬਰੀਕ ਕਰਨ ਵਾਲਾ ਰੋਲਰ ਲੱਗਿਆ ਹੁੰਦਾ ਹੈ, ਬੀਜਾਈ ਵਾਸਤੇ ਜ਼ਮੀਨ ਤਿਆਰ ਕਰਨ ਲਈ ਵਰਤੇ ਜਾ ਸਕਦੇ ਹਨ ।

## ਬੀਜ ਦੀ ਮਾਤਰਾ

ਵਡਾਣਕ ਕਣਕ ਦੀਆਂ ਕਿਸਮਾਂ ਦੇ ਦਾਣੇ ਮੋਟੇ ਹੁੰਦੇ ਹਨ । ਇਸ ਕਰਕੇ ਚੰਗਾ ਝਾੜ ਲੈਣ ਲਈ ਪੀ ਡੀ ਡਬਲਯੂ 233, ਪੀ ਡੀ ਡਬਲਯੂ 274 ਅਤੇ ਪੀ ਡੀ

ਡਬਲਯੂ 291 ਤਿੰਨੇ ਹੀ ਕਿਸਮਾਂ ਲਈ 40 ਕਿਲੋ ਪ੍ਰਤੀ ਏਕੜ ਬੀਜ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਬੀਜਾਈ ਤੋਂ ਪਹਿਲਾਂ ਬੀਜ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਗਰੇਡ ਕਰ ਲੈਣਾ ਚਾਹੀਦਾ ਹੈ । ਸਾਰੇ ਝੁਰੜੇ ਹੋਏ ਅਤੇ ਛੋਟੇ ਦਾਣੇ ਅਤੇ ਨਦੀਨਾਂ ਦੇ ਦਾਣੇ ਬੀਜਾਈ ਕਰਨ ਤੋਂ ਪਹਿਲਾਂ ਹੀ ਬਾਹਰ ਕੱਢ ਦਿਓ ।

## ਬੀਜ ਦੀ ਸੁਧਾਈ

ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਸਿਉਂਕ ਤੇ ਕਾਬੂ ਪਾਉਣ ਲਈ ਬੀਜ ਨੂੰ ਪ੍ਰਤੀ ਕਿਲੋ ਪਿਛੇ 4 ਮਿਲੀਲਿਟਰ ਦੀ ਦਰ ਨਾਲ (ਕਲੋਰਪਾਇਰੀਫੌਸ) ਡਰਸਬਾਨ/ਰੂਬਾਨ/ਡਰਮੈਟ 20 ਈ ਸੀ ਜਾਂ 7 ਮਿਲੀਲਿਟਰ (ਐਂਡੋਸਲਫ਼ਾਨ) ਥਾਇਓਡਾਨ 35 ਈ ਸੀ ਜਾਂ 6 ਮਿਲੀਲਿਟਰ ਰੀਜੈਂਟ 5 ਪ੍ਰਤੀਸ਼ਤ ਐੱਸ ਸੀ ਨਾਲ ਸੋਧੋ । ਸੁਕਣ ਤੋਂ ਮਗਰੋਂ ਜੜ੍ਹਾਂ ਗਲਣ, ਮੁੱਢ ਗਲਣ, ਛੋਟੇ ਬੂਟਿਆਂ ਦੇ ਝੁਲਸ ਰੋਗ, ਦਾਣਿਆਂ ਦੀ ਕਾਲੀ ਨੋਕ ਦਾ ਰੋਗ ਅਤੇ ਕਾਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੀਜ ਨੂੰ ਪ੍ਰਤੀ ਕਿਲੋ ਪਿਛੇ 3 ਗ੍ਰਾਮ ਕੈਪਟਾਨ ਜਾਂ ਥੀਰਮ ਨਾਲ ਦਵਾਈ ਲਾਉਣ ਵਾਲੇ ਡਰੰਮ ਵਿਚ ਪਾ ਕੇ ਸੋਧੋ । ਇਹ ਸੁਧਾਈ ਬੀਜਾਈ ਤੋਂ ਇਕ ਮਹੀਨੇ ਤੋਂ ਪਹਿਲਾਂ ਨਾ ਕਰੋ ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਘਟ ਜਾਏਗੀ ।

## ਬੀਜਾਈ ਦਾ ਸਮਾਂ

ਚੰਗਾ ਝਾੜ ਲੈਣ ਲਈ ਫ਼ਸਲ ਦੀ ਬੀਜਾਈ ਸਮੇਂ ਸਿਰ ਕਰਨੀ ਬਹੁਤ ਜ਼ਰੂਰੀ ਹੈ । ਵਡਾਣਕ ਕਣਕਾਂ ਤੇ ਪਿਛੇਤੀ ਬੀਜਾਈ ਬਹੁਤ ਮਾੜਾ ਅਸਰ ਕਰਦੀ ਹੈ । ਤਿੰਨੇ ਹੀ ਕਿਸਮਾਂ ਪੱਕਣ ਲਈ ਲੰਮਾ ਸਮਾਂ ਲੈਂਦੀਆਂ ਹਨ ਅਤੇ ਚੰਗਾ ਝਾੜ ਤਾਂ ਹੀ ਮਿਲਦਾ ਹੈ ਜੇ 25 ਅਕਤੂਬਰ ਤੋਂ ਲੈ ਕੇ 7 ਨਵੰਬਰ ਤਕ ਬੀਜਾਈ ਕਰ ਦਿੱਤੀ ਜਾਏ । ਇਸ ਤੋਂ ਬਾਅਦ ਕੀਤੀ ਬੀਜਾਈ ਨਾਲ ਝਾੜ ਕਾਫੀ ਘੱਟ ਜਾਂਦਾ ਹੈ । ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰ ਹਾਲਤ ਵਿਚ ਬੀਜਾਈ ਨਵੰਬਰ ਦੇ ਪਹਿਲੇ ਹਫ਼ਤੇ ਤਕ ਕਰ ਲਈ ਜਾਏ ।

## ਬੀਜਾਈ ਦਾ ਢੰਗ ਅਤੇ ਫ਼ਾਸਲਾ

ਬੀਜਾਈ ਬੀਜ ਅਤੇ ਖਾਦ ਪਾਉਣ ਵਾਲੀ ਡਰਿੱਲ ਨਾਲ 4-6 ਸੈਂਟੀਮੀਟਰ ਦੀ ਡੂੰਘਾਈ ਤੇ ਕਰੋ ਕਿਉਂਕਿ ਇਸ ਨਾਲ ਬੀਜ ਅਤੇ ਖਾਦਾਂ ਸਾਰੇ ਖੇਤ ਵਿਚ ਇਕ ਸਾਰ ਅਤੇ ਸਹੀ ਡੂੰਘਾਈ ਤੇ ਪੈਂਦੇ ਹਨ । ਇਸ ਤਰ੍ਹਾਂ ਬੀਜ ਅਤੇ ਖਾਦ ਸਿਫ਼ਾਰਸ਼ ਕੀਤੀ ਮਾਤਰਾ ਵਿਚ ਪੈਂਦੇ ਹਨ ਅਤੇ ਬੀਜਾਈ ਲਈ ਸਮਾਂ ਵੀ ਘੱਟ ਲਗਦਾ ਹੈ । ਸਿਆੜਾਂ ਵਿਚਕਾਰ 20-22 ਸੈਂਟੀਮੀਟਰ ਦਾ ਫ਼ਾਸਲਾ ਰੱਖਣ ਨਾਲ ਚੰਗਾ ਝਾੜ ਮਿਲਦਾ ਹੈ। ਜੇਕਰ ਇਹ ਫ਼ਾਸਲਾ ਘਟਾ ਕੇ 15 ਸੈਂਟੀਮੀਟਰ ਕਰ ਲਿਆ ਜਾਵੇ ਤਾਂ ਝਾੜ ਹੋਰ ਵੀ ਵਧ ਜਾਂਦਾ ਹੈ ।

ਬੀਜਾਈ ਦਾ ਦੋ ਤਰਫ਼ਾ ਜਾਂ ਦੋ-ਦਿਸ਼ਾਈ ਢੰਗ ਅਪਣਾਉਣ ਨਾਲ ਝਾੜ ਪ੍ਰਤੀ ਏਕੜ ਦੋ ਕੁਇੰਟਲ ਵਧ ਜਾਂਦਾ ਹੈ ਜਦੋਂ ਕਿ ਬੀਜ ਅਤੇ ਖਾਦ ਦੀ ਮਾਤਰਾ ਸਿਫ਼ਾਰਸ਼ ਕੀਤੀ ਹੀ ਵਰਤੀ ਗਈ ਹੋਏ । ਬੀਜ ਅਤੇ ਖਾਦ ਦਾ ਅੱਧਾ ਹਿੱਸਾ ਇਕ ਪਾਸੇ ਬੀਜਾਈ ਲਈ ਅਤੇ ਬਾਕੀ ਬਚਦਾ ਅੱਧਾ ਹਿੱਸਾ ਆਡੇ ਰੁੱਖ ਬੀਜਾਈ ਲਈ ਵਰਤੋ। ਬੀਜਾਈ ਥੋੜ੍ਹੀ ਜਿਹੀ ਹੋਲੀ ਕਰੋ ਅਤੇ ਸਿਆੜਾਂ ਵਿਚਕਾਰ ਫ਼ਾਸਲਾ 20-22 ਸੈਂਟੀਮੀਟਰ ਰੱਖੋ । ਦੂਜੀ ਬੀਜਾਈ ਦੇ ਸਿਆੜ ਪਹਿਲੀ ਬੀਜਾਈ ਦੇ ਸਿਆੜਾਂ ਨੂੰ 90 ਡਿਗਰੀ ਤੇ ਕੱਟਦੇ ਹੋਣੇ ਚਾਹੀਦੇ ਹਨ । ਬੀਜਾਈ ਪਿਛੋਂ ਹਲਕਾ ਜਿਹਾ ਸੁਹਾਗਾ ਫੇਰੋ । ਚੰਗਾ ਝਾੜ ਲੈਣ ਲਈ ਜ਼ਮੀਨ ਵਿਚ ਬੀਜਾਈ ਵੇਲੇ ਗਿੱਲ ਸਹੀ ਮਾਤਰਾ ਵਿਚ ਹੋਣੀ ਚਾਹੀਦੀ ਹੈ । ਨਦੀਨ ਮਾਰਨ ਲਈ ਸਿਫ਼ਾਰਸ਼ ਕੀਤੇ ਰਸਾਇਣਕ ਢੰਗ ਅਪਣਾਉ। ਦੋ ਤਰਫ਼ਾ ਬੀਜਾਈ ਵਿਚ ਖੇਤ ਦੀ ਤਿਆਰੀ ਲਈ ਖ਼ਰਚ ਨੂੰ ਘਟਾਉਣ ਆਖ਼ਰੀ ਵਹਾਈ ਛੱਡੀ ਜਾ ਸਕਦੀ ਹੈ ।

## ਖਾਦਾਂ ਦੀ ਵਰਤੋਂ

ਖਾਦਾਂ ਮਿੱਟੀ ਦੀ ਪਰਖ਼ ਦੇ ਆਧਾਰ ਤੇ ਪਾਓ । ਦਰਮਿਆਨੀਆਂ ਉਪਜਾਊ ਜ਼ਮੀਨਾਂ ਤੇ ਹੇਠ ਦੱਸੀ ਮਾਤਰਾ ਵਿਚ ਖਾਦਾਂ ਪਾਉਣੀਆਂ ਚਾਹੀਦੀਆਂ ਹਨ :

| ਤੱਤ* (ਕਿਲੋ ਪ੍ਰਤੀ ਏਕੜ) | | | ਖਾਦਾਂ (ਕਿਲੋ ਪ੍ਰਤੀ ਏਕੜ) | | | | |
|---|---|---|---|---|---|---|---|
| ਨਾਈਟ੍ਰੋਜਨ | ਫ਼ਾਸਫੋਰਸ | ਪੋਟਾਸ਼** | ਯੂਰੀਆ (46%) | ਕਿਸਾਨ ਖਾਦ (25%) | ਡੀ ਏ ਪੀ*** (18%:46%) | ਜਾਂ ਸੁਪਰਫ਼ਾਸਫੇਟ (16% | ਮਿਊਰੇਟ (60%) |
| 50 | 25 | 12 | 110 | 200 | 55 | 155 | 20 |

* ਇਹ ਖ਼ੁਰਾਕੀ ਤੱਤ ਬਜ਼ਾਰ ਵਿਚ ਮਿਲਦੀਆਂ ਹੋਰ ਖਾਦਾਂ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ ।

** ਪੋਟਾਸ਼ ਤੱਤ ਸਿਰਫ਼ ਉਨ੍ਹਾਂ ਜ਼ਮੀਨਾਂ ਵਿਚ ਪਾਓ ਜਿਥੇ ਮਿੱਟੀ ਦੀ ਪਰਖ਼ ਅਨੁਸਾਰ ਇਨ੍ਹਾਂ ਤੱਤਾਂ ਦੀ ਘਾਟ ਹੋਵੇ । ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੋਪੜ ਜ਼ਿਲ੍ਹਿਆਂ ਵਿਚ ਇਹ ਤੱਤ ਦੁੱਗਣੀ ਮਾਤਰਾ ਵਿਚ ਪਾਓ ।

*** ਜੇਕਰ 55 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਡੀ ਏ ਪੀ ਪਾਈ ਹੈ ਤਾਂ ਯੂਰੀਆ ਦੀ ਮਾਤਰਾ 20 ਕਿਲੋ ਅਤੇ ਕਿਸਾਨ ਖਾਦ ਦੀ ਮਾਤਰਾ 40 ਕਿਲੋ ਪ੍ਰਤੀ ਏਕੜ ਘਟਾ ਦਿਓ ।

## ਖਾਦਾਂ ਪਾਉਣ ਦਾ ਸਮਾਂ ਅਤੇ ਢੰਗ

ਅੱਧੀ ਨਾਈਟ੍ਰੋਜਨ, ਸਾਰੀ ਫ਼ਾਸਫੋਰਸ ਅਤੇ ਪੋਟਾਸ਼ ਬੀਜਾਈ ਵੇਲੇ ਪੋਰ ਦਿਓ ਅਤੇ ਬਾਕੀ ਅੱਧੀ ਨਾਈਟ੍ਰੋਜਨ ਪਹਿਲੇ ਪਾਣੀ ਨਾਲ ਛੱਟਾ ਦੇ ਕੇ ਪਾ ਦਿਓ । ਜੇ ਨਾਈਟ੍ਰੋਜਨ ਲਈ ਯੂਰੀਆ ਖਾਦ ਪਾਉਣੀ ਹੋਏ ਤਾਂ ਅੱਗੇ ਦਿੱਤੇ ਨੋਟ ਨੰਬਰ 4 ਵਿਚ ਦਿੱਤੀਆਂ ਗਈਆਂ ਹਦਾਇਤਾਂ ਤੇ ਅਮਲ ਕਰੋ ।

ਨੋਟ

1. ਜੇਕਰ ਵਡਾਣਕ ਕਣਕ ਤੋਂ ਪਹਿਲਾਂ ਸਾਉਣੀ ਦੀ ਰੁੱਤ ਵਿਚ ਹਰੀ ਖਾਦ ਉਗਾ ਕੇ ਪਾਈ ਹੋਵੇ ਤਾਂ ਇਸ ਨੂੰ ਨਾਈਟ੍ਰੋਜਨ ਦੀ ਅੱਧੀ ਮਾਤਰਾ ਹੀ ਪਾਓ । ਵਡਾਣਕ ਕਣਕ ਲਈ ਸਿਫ਼ਾਰਸ਼ ਕੀਤੀ ਫ਼ਾਸਫੋਰਸ ਖਾਦ ਹਰੀ ਖਾਦ ਵਾਲੀ ਫ਼ਸਲ ਨੂੰ ਹੀ ਪਾ ਦੇਣੀ ਚਾਹੀਦੀ ਹੈ ।
2. ਜੇਕਰ ਖੇਤ ਵਿਚ ਰੂੜੀ (ਢੇਰ) ਪਾਈ ਗਈ ਹੋਵੇ ਤਾਂ ਰੂੜੀ ਦੇ ਹਰ 10 ਕੁਇੰਟਲ ਪਿਛੇ ਦੋ ਕਿਲੋ ਨਾਈਟ੍ਰੋਜਨ ਅਤੇ ਇਕ ਕਿਲੋ ਫ਼ਾਸਫੋਰਸ ਘਟਾਈ ਜਾ ਸਕਦੀ ਹੈ ।
3. ਜਿਸ ਖੇਤ ਵਿਚ ਵਡਾਣਕ ਕਣਕ ਆਲੂਆਂ ਮਗਰੋਂ ਬੀਜੀ ਜਾਵੇ ਅਤੇ ਆਲੂਆਂ ਨੂੰ 10 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਰੂੜੀ ਦੀ ਖਾਦ ਪਾਈ ਗਈ ਹੋਵੇ ਤਾਂ ਵਡਾਣਕ ਕਣਕ ਨੂੰ ਫ਼ਾਸਫੋਰਸ ਦੀ ਕੋਈ ਲੋੜ ਨਹੀਂ ਅਤੇ ਨਾਈਟ੍ਰੋਜਨ ਵਾਲੀ ਖਾਦ ਦੀ ਮਾਤਰਾ ਘਟਾ ਕੇ ਅੱਧੀ ਕਰ ਦੇਣੀ ਚਾਹੀਦੀ ਹੈ।
4. ਜੇ ਨਾਈਟ੍ਰੋਜਨ ਨੂੰ ਯੂਰੀਆ ਖਾਦ ਰਾਹੀਂ ਪਾਉਣਾ ਹੋਵੇ ਤਾਂ ਯੂਰੀਆ ਦੀ ਅੱਧੀ ਮਿਕਦਾਰ ਰੌਣੀ ਤੋਂ ਪਹਿਲਾਂ ਆਖ਼ਰੀ ਵਹਾਈ ਦੇ ਸਮੇਂ ਪਾਓ ਅਤੇ ਦੂਸਰੀ ਕਿਸ਼ਤ ਦਾ ਪਹਿਲੇ ਪਾਣੀ ਤੋਂ ਹਫ਼ਤਾ ਪਹਿਲਾਂ ਜਾਂ 5 ਦਿਨ ਪਿਛੋਂ ਛੱਟਾ ਦੇ ਦਿਓ। ਨਾਈਟ੍ਰੋਜਨ ਤੱਤ ਦੀ ਘਾਟ ਹੋਣ ਤੇ ਜਾੜ ਮਾਰਨ ਦੀ ਪਿਛੇਤੀ ਅਵਸਥਾ ਅਤੇ ਗੰਢਾਂ ਮਾਰਨ ਦੀ ਪਿਛੇਤੀ ਅਵਸਥਾ ਦੇ ਮੌਕੇ ਤੇ ਯੂਰੀਆ ਦਾ ਛਿੜਕਾਅ ਕੀਤਾ ਜਾ ਸਕਦਾ ਹੈ । ਬਹੁਤਾ ਪਾਣੀ ਵਰਤਣ ਵਾਲੇ ਪੰਪ ਨੈਪਸੈਕ ਨਾਲ 3% ਯੂਰੀਏ ਦਾ ਘੋਲ (3 ਕਿਲੋ ਯੂਰੀਆ ਪ੍ਰਤੀ 100 ਲਿਟਰ ਪਾਣੀ ਵਿਚ) 300-400 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਘੱਟ ਪਾਣੀ ਲਗਣ ਵਾਲੇ ਪੰਪ (ਪਾਵਰ ਸਪਰੇਅਰ) ਵਿਚ ਘੋਲ ਦਾ ਪ੍ਰਤੀਸ਼ਤ ਇਸ ਹਿਸਾਬ ਨਾਲ ਵਧਾਇਆ ਜਾ ਸਕਦਾ ਹੈ ਤਾਂ ਜੋ ਯੂਰੀਏ ਦੀ ਸਹੀ ਮਾਤਰਾ ਦੀ ਵਰਤੋਂ ਹੋ ਜਾਏ ।
5. ਸਾਉਣੀ ਦੀ ਫ਼ਸਲਾਂ ਦੇ ਮੁਕਾਬਲੇ ਵਡਾਣਕ ਕਣਕ ਨੂੰ ਫ਼ਾਸਫੋਰਸ ਖਾਦ ਪਾਉਣ ਨਾਲ ਵੱਧ ਫਾਇਦਾ ਹੁੰਦਾ ਹੈ । ਪ੍ਰੰਤੂ ਮੱਕੀ-ਕਣਕ ਫ਼ਸਲ ਚੱਕਰ ਵਿਚ ਜੇਕਰ ਦੋ ਤਿੰਨ ਸਾਲ ਮੱਕੀ ਨੂੰ ਸਿਫ਼ਾਰਸ਼ ਕੀਤੀ ਫ਼ਾਸਫੋਰਸ ਦੀ ਖਾਦ ਪਾਈ ਗਈ ਹੋਵੇ ਤਾਂ ਵਡਾਣਕ ਕਣਕ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਗਈ ਮਾਤਰਾ ਤੋਂ ਸਿਰਫ਼ ਅੱਧੀ ਖਾਦ ਪਾਈ ਜਾਵੇ ।
6. ਮੱਕੀ ਦੀ ਫ਼ਸਲ ਤੋਂ ਪਹਿਲਾਂ ਜੇ ਖੇਤ ਵਿਚ ਹਰੀ ਖਾਦ ਪਾਈ ਜਾਏ ਤਾਂ ਇਸ ਨਾਲ ਮੱਕੀ ਤੋਂ ਮਗਰੋਂ ਬੀਜੀ ਜਾਣ ਵਾਲੀ ਵਡਾਣਕ ਕਣਕ ਦੀ ਫ਼ਸਲ ਦਾ ਝਾੜ ਵੀ ਵਧਦਾ ਹੈ ।

# ਤੱਤਾਂ ਦੀ ਘਾਟ ਕਰ ਕੇ ਹੋਣ ਵਾਲੀਆਂ ਬੀਮਾਰੀਆਂ

ਤੱਤਾਂ ਦੀ ਘਾਟ ਕਰਕੇ ਹੋਣ ਵਾਲੀਆਂ ਬੀਮਾਰੀਆਂ ਨਾਲ ਵਡਾਣਕ ਕਣਕ ਦੇ ਝਾੜ ਤੇ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਕਿਸੇ ਵੀ ਜ਼ਰੂਰੀ ਅਲਪ ਤੱਤ ਦੀ ਘਾਟ ਕਰਕੇ ਬਹੁਤ ਹੀ ਗੰਭੀਰ ਅਲਾਮਤਾਂ ਪੈਦਾ ਹੋ ਜਾਂਦੀਆਂ ਹਨ । ਬੁਨਿਆਦੀ ਤੌਰ ਤੇ ਉਪਜਾਊ ਜ਼ਮੀਨਾਂ ਵਿਚ ਖਾਦਾਂ ਦੀ ਸੰਤੁਲਤ ਵਰਤੋਂ ਕਰਨ ਨਾਲ ਇਨ੍ਹਾਂ ਕਣਕਾਂ ਦਾ ਝਾੜ ਕਾਫ਼ੀ ਵਧ ਜਾਂਦਾ ਹੈ । ਇਹ ਕਣਕ ਤੱਤਾਂ ਦੀ ਘਾਟ ਨੂੰ ਬਿਲਕੁਲ ਹੀ ਬਰਦਾਸ਼ਤ ਨਹੀਂ ਕਰਦੀ । ਆਮ ਤੌਰ ਤੇ ਤੱਤਾਂ ਦੀ ਘਾਟ ਕਰਕੇ ਹੋਣ ਵਾਲੀਆਂ ਬੀਮਾਰੀਆਂ ਵਡਾਣਕ ਕਣਕਾਂ ਦੇ ਝਾੜ ਤੇ ਮਾੜਾ ਅਸਰ ਪਾਉਂਦੀਆਂ ਹਨ ਅਤੇ ਕਣਕ ਨੂੰ ਨੁਕਸਾਨ ਤੋਂ ਬਚਾਉਣ ਲਈ ਜੇ ਇਸ ਤੇ ਤੱਤਾਂ ਦੀ ਘਾਟ ਦੀਆਂ ਅਲਾਮਤਾਂ ਜ਼ਾਹਰ ਹੋਣ ਤਾਂ ਇਨ੍ਹਾਂ ਤੇ ਝਟਪਟ ਕਾਬੂ ਪਾਉਣਾ ਚਾਹੀਦਾ ਹੈ ।

## 1. ਜਿਸਤ ਦੀ ਘਾਟ

ਇਸ ਦੀਆਂ ਅਲਾਮਤਾਂ ਇਹ ਹਨ ਕਿ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟੇ ਝਾੜੀਆਂ ਵਰਗੇ ਹੋ ਜਾਂਦੇ ਹਨ । ਪੱਤੇ ਵਿਚਕਾਰੋਂ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿਚ ਟੁੱਟ ਜਾਂਦੇ ਹਨ । 25 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਿੰਕ ਸਲਫ਼ੇਟ ਫ਼ਸਲ ਨੂੰ ਛੱਟੇ ਨਾਲ ਪਾਓ । ਇਹ 2-3 ਸਾਲਾਂ ਲਈ ਕਾਫ਼ੀ ਹੁੰਦਾ ਹੈ । ਜਿਸਤ ਦੀ ਘਾਟ ਫ਼ਸਲ ਉੱਤੇ ਜ਼ਿੰਕ (0.5%) ਦੀ ਸਪਰੇ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ । ਇਕ ਏਕੜ ਲਈ ਇਕ ਕਿਲੋ ਜ਼ਿੰਕ ਸਲਫੇਟ ਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ । ਜੇ ਸਾਉਣੀ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਜ਼ਿੰਕ ਸਲਫੇਟ ਦੀ ਮਾਤਰਾ ਪਾਈ ਹੋਵੇ ਤਾਂ ਵਡਾਣਕ ਕਣਕ ਨੂੰ ਜ਼ਿੰਕ ਪਾਉਣ ਦੀ ਲੋੜ ਨਹੀਂ।

## 2. ਮੈਂਗਨੀਜ਼ ਦੀ ਘਾਟ

ਸੰਘਣੀ ਖੇਤੀ ਖ਼ਾਸ ਕਰਕੇ ਝੋਨਾ-ਕਣਕ ਦੇ ਫ਼ਸਲੀ ਚੱਕਰ ਵਿਚ ਮੈਂਗਨੀਜ਼ ਦੀ ਘਾਟ ਦੀਆਂ ਅਲਾਮਤਾਂ ਪੈਦਾ ਹੁੰਦੀਆਂ ਹਨ । ਇਸ ਦੀਆਂ ਨਿਸ਼ਾਨੀਆਂ ਇਹ ਹਨ ਕਿ ਵਿਚਕਾਰਲੇ ਪੱਤੇ ਦੀਆਂ ਨਾੜੀਆਂ ਦੇ ਵਿਚਕਾਰਲੀ ਜਗ੍ਹਾ ਪੀਲੀ ਪੈ ਜਾਂਦੀ ਹੈ ਅਤੇ ਹਲਕੇ ਸਲੇਟੀ ਪੀਲੇ ਅਤੇ ਗੁਲਾਬੀ ਭੂਰੇ ਰੰਗ ਦੇ ਧੱਬੇ ਜੋ ਵਖੋ-ਵੱਖ ਆਕਾਰ ਦੇ ਹੁੰਦੇ ਹਨ ਜ਼ਿਆਦਾ ਕਰਕੇ ਪੱਤੇ ਦੇ ਹੇਠਲੇ ਦੋ ਤਿਹਾਈ ਹਿੱਸੇ ਤੇ ਪੈ ਜਾਂਦੇ ਹਨ। ਬਾਅਦ ਵਿਚ ਇਹ ਧੱਬੇ ਜੁੜ ਕੇ ਧਾਰੀ ਜਾਂ ਪੱਟੀ ਦੀ ਸ਼ਕਲ ਅਖ਼ਤਿਆਰ ਕਰ ਲੈਂਦੇ ਹਨ ਅਤੇ ਇਹ ਪੱਤੇ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਨਜ਼ਰ ਆਉਂਦੇ ਹਨ। ਸਿੱਟੇ ਪੈਣ ਤੇ ਇਹ ਨਿਸ਼ਾਨੀਆਂ ਟੀਸੀ ਦੇ ਪੱਤੇ ਤੇ ਬਹੁਤ ਸਪਸ਼ਟ ਨਜ਼ਰ ਆਉਂਦੀਆਂ ਹਨ। ਮੈਂਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 0.5% ਮੈਂਗਨੀਜ਼ ਸਲਫੇਟ ਦੇ ਘੋਲ ਦਾ ਇਕ ਛਿੜਕਾਅ (200 ਲਿਟਰ ਪਾਣੀ ਵਿਚ ਇਕ ਕਿਲੋ ਮੈਂਗਨੀਜ਼ ਸਲਫ਼ੇਟ ਘੋਲ ਕੇ) ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਕਰੋ ਅਤੇ ਹਫ਼ਤੇ-ਹਫ਼ਤੇ

ਦੇ ਵਕਫ਼ੇ ਬਾਅਦ 2-3 ਛਿੜਕਾਅ ਧੁੱਪ ਵਾਲੇ ਦਿਨ ਕਰੋ ਕਿਉਂਕਿ ਵਡਾਣਕ ਕਣਕਾਂ ਤੇ ਮੈਂਗਨੀਜ਼ ਦੀ ਘਾਟ ਦਾ ਬਹੁਤ ਮਾੜਾ ਅਸਰ ਪੈਂਦਾ ਹੈ ਇਸ ਕਰਕੇ ਹਲਕੀਆਂ ਜ਼ਮੀਨਾਂ ਤੇ ਇਨ੍ਹਾਂ ਦੀ ਕਾਸ਼ਤ ਨਾ ਕੀਤੀ ਜਾਏ ।

### 3. ਗੰਧਕ ਦੀ ਘਾਟ

ਜੇਕਰ ਵਡਾਣਕ ਕਣਕਾਂ ਦੀ ਬੀਜਾਈ ਹਲਕੀਆਂ ਰੇਤਲੀਆਂ ਜ਼ਮੀਨਾਂ ਤੇ ਕੀਤੀ ਜਾਏ ਤਾਂ ਇਨ੍ਹਾਂ ਤੇ ਗੰਧਕ ਦੀ ਘਾਟ ਦੀਆਂ ਨਿਸ਼ਾਨੀਆਂ ਆਉਂਦੀਆਂ ਹਨ । ਜਦੋਂ ਕਣਕ ਦੇ ਵਾਧੇ ਦੇ ਮੁੱਢਲੇ ਸਮੇਂ ਸਰਦੀਆਂ ਦੀ ਬਾਰਸ਼ ਲੰਮੇ ਸਮੇਂ ਤੱਕ ਜਾਰੀ ਰਹੇ ਤਾਂ ਇਹ ਘਾਟ ਹੋਰ ਵੀ ਵਧ ਜਾਂਦੀ ਹੈ । ਨਿਸ਼ਾਨੀਆਂ ਪਹਿਲਾਂ ਨਵੇਂ ਪੱਤਿਆਂ ਤੇ ਦਿਖਾਈ ਦੇਂਦੀਆਂ ਹਨ ਅਤੇ ਇਨ੍ਹਾਂ ਪੱਤਿਆਂ ਦਾ ਰੰਗ ਫਿੱਕਾ ਪੈ ਜਾਂਦਾ ਹੈ । ਇਸ ਤੋਂ ਪਿਛੋਂ ਨਾੜੀਆਂ ਦੇ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ ਅਤੇ ਪੱਤੇ ਦੀ ਨੋਕ ਨੂੰ ਛੱਡ ਕੇ ਉੱਪਰਲੇ ਪੱਤਿਆਂ ਦਾ ਰੰਗ ਹਲਕਾ ਪੀਲਾ ਪੈ ਜਾਂਦਾ ਹੈ । ਪਰ ਥੱਲੇ ਵਾਲੇ ਪੱਤਿਆਂ ਦਾ ਰੰਗ ਲੰਮੇ ਸਮੇਂ ਤਕ ਹਰਾ ਰਹਿੰਦਾ ਹੈ । ਨਾਈਟ੍ਰੋਜਨ ਦੀ ਘਾਟ ਵੇਲੇ ਹੇਠਲੇ ਪੱਤੇ ਪੀਲੇ ਪੈਂਦੇ ਹਨ ਜਦੋਂ ਕਿ ਗੰਧਕ ਦੀ ਘਾਟ ਨਾਲ ਉਪਰਲੇ ਪੱਤੇ ਪੀਲੇ ਪੈਂਦੇ ਹਨ । ਬੂਟਿਆਂ ਦਾ ਆਕਾਰ ਛੋਟਾ ਹੋ ਜਾਂਦਾ ਹੈ । ਸ਼ਾਖਾਵਾਂ ਦੀ ਗਿਣਤੀ ਵੀ ਘਟ ਜਾਂਦੀ ਹੈ । ਜਿੱਥੇ ਫ਼ਾਸਫੋਰਸ ਇਕਹਿਰੀ (ਸਿੰਗਲ) ਸੁਪਰਫ਼ਾਸਫੇਟ ਰਾਹੀਂ ਨਾ ਪਾਈ ਗਈ ਹੋਵੇ ਉਥੇ ਫ਼ਸਲ ਦੀਆਂ ਗੰਧਕ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬੀਜਾਈ ਤੋਂ ਪਹਿਲਾਂ 100 ਕਿਲੋ ਫੀ ਏਕੜ ਦੇ ਹਿਸਾਬ ਨਾਲ ਜਿਪਸਮ ਦੀ ਵਰਤੋਂ ਕਰੋ । ਜੇ ਮੂੰਗਫ਼ਲੀ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਵਿਚ ਜਿਪਸਮ ਪਾਇਆ ਹੋਵੇ ਤਾਂ ਵਡਾਣਕ ਕਣਕ ਨੂੰ ਸਿਰਫ਼ 50 ਕਿਲੋ ਪ੍ਰਤੀ ਏਕੜ ਦੇ ਹਿਸਾਬ ਜਿਪਸਮ ਪਾਓ ।

## ਨਦੀਨਾਂ ਦੀ ਰੋਕਥਾਮ

ਬੀਜਾਈ ਤੋਂ ਇਕ ਮਹੀਨਾਂ ਮਗਰੋਂ ਸੁਧਰੀ ਤਿਰਫਾਲੀ ਜਾਂ ਦੋਫ਼ਾਲੇ ਕਸੌਲੇ ਨਾਲ ਇਕ ਗੋਡੀ ਕਰੋ । ਬਾਰ ਹੈਰੋ ਦੀ ਵਰਤੋਂ ਫ਼ਸਲ ਵਿਚ ਪਹਿਲੇ ਪਾਣੀ ਤੋਂ ਬਾਅਦ ਕਣਕ ਦੇ ਵਾਧੇ ਪੈਣ ਦੀ ਮੁੱਢਲੀ ਅਵਸਥਾ ਵਿਚ ਕਰੋ ।

### ਰਸਾਇਣਕ ਦਵਾਈਆਂ ਰਾਹੀਂ ਨਦੀਨਾਂ ਦੀ ਰੋਕਥਾਮ

ਸੰਨ 1980 ਵਿਚ ਜਦੋਂ ਪੰਜਾਬ ਵਿਚ ਵਡਾਣਕ ਕਣਕ ਦੀ ਕਾਸ਼ਤ ਦੁਬਾਰਾ ਸ਼ੁਰੂ ਹੋਈ ਤਾਂ ਇਸ ਨਵੀਂ ਫ਼ਸਲ ਨੂੰ ਸ਼ੁਰੂ-ਸ਼ੁਰੂ ਵਿਚ ਨਦੀਨਾਂ ਦੀ ਰਸਾਇਣਕ ਰੋਕਥਾਮ ਬਾਬਤ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਉਸ ਸਮੇਂ ਖ਼ਾਸ ਤੌਰ ਤੇ ਵਡਾਣਕ ਕਣਕ ਵਾਸਤੇ ਸਿਫ਼ਾਰਸ਼ਾਂ ਦੇ ਨਾ ਹੋਣ ਕਰਕੇ ਕਿਸਾਨਾਂ ਨੇ ਆਪ ਮੁਹਾਰੇ ਹੀ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਅਤੇ ਨੁਕਸਾਨ ਉਠਾਇਆ । ਇਸ ਤਰ੍ਹਾਂ ਸ਼ੁਰੂ ਵਿਚ ਫ਼ਸਲ ਦੇ ਕਾਫ਼ੀ

ਨੁਕਸਾਨ ਹੋਣ ਦੀਆਂ ਬਹੁਤ ਸਾਰੀਆਂ ਰਿਪੋਰਟਾਂ ਕਿਸਾਨਾਂ ਵਲੋਂ ਦਿੱਤੀਆਂ ਗਈਆਂ। ਵਡਾਣਕਾਂ ਆਮ ਤੌਰ ਤੇ ਨਦੀਨ ਨਾਸ਼ਕਾਂ ਨੂੰ ਜ਼ਿਆਦਾ ਸੰਵੇਦਨਸ਼ੀਲ ਹਨ ਅਤੇ ਜੇਕਰ ਸ਼ਿਫ਼ਾਰਸ਼ਾਂ ਤੇ ਪੂਰੀ ਤਰ੍ਹਾਂ ਅਮਲ ਨਾ ਕੀਤਾ ਜਾਏ ਤਾਂ ਇਨ੍ਹਾਂ ਦਾ ਜ਼ਿਆਦਾ ਨੁਕਸਾਨ ਹੁੰਦਾ ਹੈ । ਵਡਾਣਕ ਕਣਕਾਂ ਦੀ ਬਰਾਮਦ ਦੇ ਪੱਖੋਂ ਅਹਿਮੀਅਤ ਨੂੰ ਧਿਆਨ ਵਿਚ ਰੱਖਦੇ ਹੋਏ ਖ਼ਾਸ ਤੌਰ ਤੇ ਇਨ੍ਹਾਂ ਕਣਕਾਂ ਲਈ ਨਦੀਨਾਂ ਦੀ ਰੋਕਥਾਮ ਲਈ ਸਿਫ਼ਾਰਸ਼ਾਂ ਜ਼ਰੂਰੀ ਹੋ ਗਈਆਂ ਹਨ । ਇਥੇ ਇਹ ਜ਼ਿਕਰ ਕਰਨਾ ਬਹੁਤ ਹੀ ਅਹਿਮ ਹੋਵੇਗਾ ਕਿ ਵਡਾਣਕ ਕਣਕਾਂ ਵਿਚ ਨਦੀਨਾਂ ਦੀ ਰਸਾਇਣਕ ਰੋਕਥਾਮ ਲਈ ਸਿਫ਼ਾਰਸ਼ਾਂ ਆ ਚੁੱਕੀਆਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ :

## ਚੌੜੇ ਪੱਤਿਆਂ ਵਾਲੇ ਨਦੀਨ

ਵਡਾਣਕ ਕਣਕ ਵਿਚ ਉੱਗਣ ਵਾਲੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ 2,4-ਡੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕਦੀ ਹੈ । ਜਿਨ੍ਹਾਂ ਖੇਤਾਂ ਵਿਚ ਬਾਥੂ ਹੋਵੇ ਉਥੇ 2, 4-ਡੀ ਸੋਡੀਅਮ ਸਾਲਟ (80%) ਜਾਂ 2, 4-ਡੀ ਐਸਟਰ (36%) 250 ਗ੍ਰਾਮ ਜਾਂ 250 ਮਿਲੀਲਿਟਰ ਪ੍ਰਤੀ ਏਕੜ ਦੀ ਦਰ ਨਾਲ 200-225 ਲਿਟਰ ਪਾਣੀ ਵਿਚ ਘੋਲ ਕੇ ਢੋਲਕੀ (ਨੈਪਸੈਕ ਸਪੇਰਅਰ) ਨਾਲ ਛਿੜਕੋ। ਨੋਮੋਰ ਬਰਾਂਡ 2, 4-ਡੀ ਈਥਾਈਲ ਐਸਟਰ ਸਾਲਟ ਹੈ, ਇਸ ਦੀ ਸਿਫ਼ਾਰਸ਼ 250 ਮਿਲੀਲਿਟਰ ਪ੍ਰਤੀ ਏਕੜ ਦੀ ਦਰ ਨਾਲ ਕੀਤੀ ਗਈ ਹੈ । ਵਧੀਆ ਨਤੀਜੇ ਲੈਣ ਲਈ ਨਦੀਨ ਨਾਸ਼ਕ ਦੇ ਛਿੜਕਾਅ ਦਾ ਸਮਾਂ ਅਤੇ ਦਰ ਬਹੁਤ ਜ਼ਿਆਦਾ ਅਹਿਮੀਅਤ ਰੱਖਦੇ ਹਨ । ਸਮੇਂ ਸਿਰ ਬੀਜੀ ਗਈ ਫ਼ਸਲ (ਅਕਤੂਬਰ-ਨਵੰਬਰ) ਤੇ ਬੀਜਾਈ ਤੋਂ 35-45 ਦਿਨਾਂ ਬਾਅਦ 2, 4-ਡੀ ਦਾ ਛਿੜਕਾਅ ਕਰੋ । ਫ਼ਸਲ ਨੂੰ ਉਸ ਸਮੇਂ ਛਿੜਕਾਅ ਕਰੋ ਜਦੋਂ ਇਸ ਨੇ ਬੂਝਾ ਮਾਰ ਲਿਆ ਹੋਏ ਪਰ ਹਾਲੇ ਨਾਲੀ ਨੂੰ ਗੰਢਾਂ ਨਾ ਪਈਆਂ ਹੋਣ ।

### ਸਾਵਧਾਨੀਆਂ

- 2, 4-ਡੀ ਦੀ ਸਿਫ਼ਾਰਸ਼ ਕੀਤੀ ਗਈ ਮਾਤਰਾ ਤੋਂ ਵੱਧ ਵਰਤੋਂ ਬਿਲਕੁਲ ਨਾ ਕਰੋ ।
- ਜੇ ਵਡਾਣਕ ਕਣਕ ਵਿਚ ਛੋਲੇ, ਸਰ੍ਹੋਂ ਜਾਂ ਕੋਈ ਹੋਰ ਚੌੜੇ ਪੱਤਿਆਂ ਵਾਲੀ ਫ਼ਸਲ ਬੀਜੀ ਗਈ ਹੋਵੇ ਤਾਂ 2, 4-ਡੀ ਬਿਲਕੁਲ ਹੀ ਨਾ ਵਰਤੋ ।
- ਪੰਪ ਨੂੰ ਛਿੜਕਾਅ ਤੋਂ ਬਾਅਦ ਕਈ ਵਾਰ ਚੰਗੀ ਤਰ੍ਹਾਂ ਧੋ ਲਵੋ ਅਤੇ ਫੇਰ ਇਹਨੂੰ ਕੱਪੜੇ ਧੋਣ ਵਾਲੇ ਸੋਢੇ ਦੇ ਘੋਲ (0.5%) ਨਾਲ ਧੋ ਦਿਓ ਤਾਂ ਜੋ ਥੋੜ੍ਹੀ ਬਚਦੀ 2, 4-ਡੀ ਵੀ ਬਾਹਰ ਨਿਕਲ ਜਾਏ । ਬਹੁਤ ਥੋੜੀ ਮਾਤਰਾ ਵਿਚ ਪੰਪ ਨੂੰ ਲੱਗੀ ਹੋਈ 2, 4-ਡੀ ਵੀ ਕਪਾਹ, ਨਰਮੇ ਅਤੇ ਟਮਾਟਰ ਵਗ਼ੈਰਾ ਦੀਆਂ ਫ਼ਸਲਾਂ ਦਾ ਹੂੰਝਾ ਫੇਰੂ ਨੁਕਸਾਨ ਕਰ ਸਕਦੀ ਹੈ ।

## ਜੌਂਧਰ ਦੀ ਰੋਕਥਾਮ

ਜੰਗਲੀ ਜਵੀ (ਏਵੀਨਾ ਲੁਡੋਵਿਸ਼ਿਆਨਾ) ਦੇ ਸਥਾਨਕ ਨਾਂ ਬਿਗੜ ਜਾਂ ਜੌਂਧਰ ਵੀ ਹਨ । ਐਵਾਡੈਕਸ ਬੀ ਡਬਲਯੂ ਦਾ ਇਕ ਲਿਟਰ ਪ੍ਰਤੀ ਏਕੜ ਦੀ ਦਰ ਨਾਲ 200-225 ਲਿਟਰ ਪਾਣੀ ਵਿਚ ਘੋਲ ਕੇ ਬੀਜਾਈ ਤੋਂ ਪਹਿਲਾਂ ਤਿਆਰ ਕੀਤੀ ਜ਼ਮੀਨ ਤੇ ਇਕਸਾਰ ਛਿੜਕਾਅ ਕਰੋ । ਇਸ ਨਦੀਨ ਨਾਸ਼ਕ ਦੀ ਜ਼ਿਆਦਾ ਮਾਤਰਾ ਵਡਾਣਕ ਕਣਕ ਦੇ ਉੱਗ ਰਹੇ ਬੂਟਿਆਂ ਤੇ ਬਹੁਤ ਬੁਰਾ ਅਸਰ ਪਾਉਂਦੀ ਹੈ । ਜਿਸ ਜਗ੍ਹਾ ਤੇ ਇਕ ਵਾਰ ਦਵਾਈ ਛਿੜਕ ਦਿੱਤੀ ਗਈ ਹੋਵੇ ਉਥੇ ਦੁਬਾਰਾ ਫੁਹਾਰਾ ਨਾ ਮਾਰੋ । ਅਜਿਹਾ ਕਰਨ ਨਾਲ ਨਦੀਨ ਨਾਸ਼ਕ ਕਿਤੇ ਵੱਧ ਕਿਤੇ ਘੱਟ ਪਏਗਾ । ਬੀਜਾਈ ਲਈ ਤਿਆਰ ਕੀਤੀ ਜ਼ਮੀਨ ਵਿਚ ਡਲੇ/ਢੀਮਾਂ ਨਹੀਂ ਹੋਣੀਆਂ ਚਾਹੀਦੀਆਂ ਕਿਉਂਕਿ ਉਨ੍ਹਾਂ ਦੇ ਥੱਲੇ ਨਦੀਨਾਂ ਦੇ ਉੱਗ ਰਹੇ ਬੂਟੇ ਛਿੜਕਾਅ ਨਾਲ ਨਹੀਂ ਮਰਨਗੇ। ਛਿੜਕਾਅ ਤੋਂ ਇਕ ਦਮ ਬਾਅਦ ਨਦੀਨ ਨਾਸ਼ਕ ਨੂੰ ਬਾਰ ਹੈਰੋ ਫੇਰ ਕੇ ਮਿੱਟੀ ਦੀ ਉਪਰਲੀ 2-3 ਸੈਂਟੀਮੀਟਰ (ਇਸ ਤੋਂ ਜ਼ਿਆਦਾ ਡੂੰਘਾਈ ਤਕ ਨਹੀਂ) ਤਹਿ ਵਿਚ ਰਲਾ ਦਿਓ । ਵਡਾਣਕ ਕਣਕ ਦੀ ਬੀਜਾਈ ਉਸੇ ਦਿਨ ਜਾਂ ਕੁਝ ਦਿਨਾਂ ਵਿਚ 5-6 ਸੈਂਟੀਮੀਟਰ ਡੂੰਘੀ (ਇਸ ਤੋਂ ਹੇਠਾਂ ਹੋਣੀ ਚਾਹੀਦੀ) ਤਰਜੀਹੀ ਤੌਰ ਤੇ ਡਰਿੱਲ ਨਾਲ ਕਰੋ । ਜੇ ਬੀਜ ਘੱਟ ਡੂੰਘਾ ਪਾਇਆ ਗਿਆ ਤਾਂ ਕਣਕ ਦੇ ਜੰਮ ਤੇ ਨਦੀਨ ਨਾਸ਼ਕ ਦਾ ਬਹੁਤ ਮਾੜਾ ਅਸਰ ਪੈਂਦਾ ਹੈ । ਇਨ੍ਹਾਂ ਖੇਤਾਂ ਵਿਚ ਆਮ ਨਾਲੋਂ ਥੋੜਾ ਜ਼ਿਆਦਾ ਬੀਜ ਪਾਓ । ਕਈ ਵਾਰ ਖੇਤ ਤਿਆਰ ਕਰਨ ਤੋਂ 5-7 ਦਿਨ ਪਿਛੋਂ ਨਦੀਨ ਨਾਸ਼ਕ ਦਾ ਛਿੜਕਾਅ ਕੀਤਾ ਜਾਂਦਾ ਹੈ । ਅਜਿਹਾ ਕਰਨ ਨਾਲ ਜੌਂਧਰ ਦੀ ਰੋਕਥਾਮ ਪੂਰੀ ਤਰ੍ਹਾਂ ਨਹੀਂ ਹੁੰਦੀ ਕਿਉਂਕਿ ਇਸ ਅਰਸੇ ਦੌਰਾਨ ਜੌਂਧਰ ਦੇ ਜ਼ਿਆਦਾ ਬੂਟੇ ਉੱਗ ਪੈਂਦੇ ਹਨ ਅਤੇ ਐਵਾਡੈਕਸ ਬੀ ਡਬਲਯੂ ਅਜਿਹੇ ਬੂਟਿਆਂ ਤੇ ਪੂਰਾ ਅਸਰ ਨਹੀਂ ਕਰਦੀ ।

## ਗੁੱਲੀ ਡੰਡੇ ਦੀ ਰੋਕਥਾਮ

ਇਸ ਨਦੀਨ ਨੂੰ ਆਮ ਤੌਰ ਤੇ ਗੁੱਲੀ ਡੰਡਾ ਜਾਂ ਸਿੱਟੀ ਕਿਹਾ ਜਾਂਦਾ ਹੈ । ਗੋਡੀ ਨਾਲੋਂ ਨਦੀਨ ਨਾਸ਼ਕ ਦੇ ਛਿੜਕਾਅ ਨਾਲ ਇਸ ਦੀ ਰੋਕਥਾਮ ਬੇਹਤਰ ਤਰੀਕੇ ਨਾਲ ਕੀਤੀ ਜਾ ਸਕਦੀ ਹੈ । ਨਦੀਨਾਂ ਦੀ ਰਸਾਇਣਕ ਰੋਕਥਾਮ ਨਾਲ ਨਾਈਟ੍ਰੋਜਨ ਖਾਦ ਦਾ ਅਸਰ ਵੀ ਫ਼ਸਲ ਤੇ ਵਧੇਰੇ ਹੁੰਦਾ ਹੈ । ਇਸ ਨਦੀਨ ਤੇ ਹੇਠ ਲਿਖੇ ਨਦੀਨ ਨਾਸ਼ਕਾਂ ਨਾਲ ਕਾਬੂ ਪਾਇਆ ਜਾ ਸਕਦਾ ਹੈ; ਸਟਾਂਪ 30 ਈ ਸੀ ਜਾਂ ਟ੍ਰੈਫਲਾਨ 48 ਈ ਸੀ ਇਕ ਲਿਟਰ ਪ੍ਰਤੀ ਏਕੜ ਦੀ ਦਰ ਨਾਲ 200 ਲਿਟਰ ਪਾਣੀ ਵਿਚ ਘੋਲ ਕੇ ਬੀਜਾਈ ਤੋਂ ਦੋ ਦਿਨ ਬਾਅਦ ਛਿੜਕੋ । ਆਈਸੋਪਰੋਟੌਰਾਨ ਦੇ ਸਾਰੇ ਹੀ ਬਰਾਂਡਾਂ ਦਾ ਵਡਾਣਕ ਕਣਕ ਤੇ ਬੀਜਾਈ ਤੋਂ 40-45 ਦਿਨ ਬਾਅਦ ਦਰਮਿਆਨੀਆਂ ਅਤੇ ਭਾਰੀਆਂ ਝੋਨੇ ਵਾਲੀਆ ਜ਼ਮੀਨਾਂ ਵਿਚ ਛਿੜਕਾਅ ਕੀਤਾ ਜਾ ਸਕਦਾ ਹੈ । ਪਰ ਹਲਕੀਆਂ ਜ਼ਮੀਨਾਂ ਤੇ ਬੀਜੀ ਵਡਾਣਕ ਕਣਕ ਤੇ ਆਈਸੋਪਰੋਟੌਰਾਨ ਦਾ ਛਿੜਕਾਅ ਨਹੀਂ ਕੀਤਾ ਜਾਣਾ ਚਾਹੀਦਾ ।

# ਨਦੀਨ ਨਾਸ਼ਕਾਂ ਦੀ ਵਰਤੋਂ ਲਈ ਦਿਸ਼ਾ-ਨਿਰਦੇਸ਼

## ੳ) ਉੱਗਣ ਤੋਂ ਬਾਅਦ ਵਰਤੇ ਜਾਣ ਵਾਲੇ ਨਦੀਨ ਨਾਸ਼ਕ

ਉੱਗਣ ਤੋਂ ਬਾਅਦ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਬੀਜਾਈ ਤੋਂ 40-45 ਦਿਨ ਬਾਅਦ ਦਰਮਿਆਨੀਆਂ ਅਤੇ ਭਾਰੀਆ ਜ਼ਮੀਨਾਂ ਤੇ, ਜਦੋਂ ਫ਼ਸਲ ਨੇ 4-5 ਪੱਤੇ ਕੱਢ ਲਏ ਹੋਣ ਪਰ ਹਾਲੇ ਸਿਆੜ ਭਰੇ ਨਾ ਹੋਣ, ਵਰਤੇ ਜਾਣੇ ਚਾਹੀਦੇ ਹਨ । ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਜਦੋਂ ਵੀ ਖੇਤ ਵਿਚ ਤੁਰਿਆ ਜਾ ਸਕਦਾ ਹੋਵੇ ਤਾਂ ਫੀ ਏਕੜ ਸਿਫ਼ਾਰਸ਼ ਕੀਤੇ ਨਦੀਨ ਨਾਸ਼ਕ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਢੋਲਕੀ (ਨੈਪਸੈਕ ਸਪਰੇਅਰ) ਨਾਲ ਛਿੜਕੋ । ਪਾਵਰ ਸੁਪਰੇਅਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਬਸ਼ਰਤੇ ਕਿ ਛਿੜਕਾਅ ਵਾਸਤੇ 120 ਲਿਟਰ ਫ਼ੀ ਏਕੜ ਦੇ ਹਿਸਾਬ ਨਾਲ ਪਾਣੀ ਦਾ ਨਿਕਾਸ ਸੰਭਵ ਹੋਵੇ । ਉੱਗਣ ਤੋਂ ਬਾਅਦ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਤਾਂ ਹੀ ਜ਼ਿਆਦਾ ਅਸਰ ਕਰਦੇ ਹਨ ਜੇ ਇਨ੍ਹਾਂ ਦਾ ਛਿੜਕਾਅ ਨਦੀਨਾਂ ਦੇ ਬੂਟਿਆਂ ਦੀਆਂ ਸ਼ਾਖਾਵਾਂ ਫੁੱਟਣ ਤੋਂ ਪਹਿਲਾਂ ਕੀਤਾ ਜਾਏ । ਜੇ ਮੀਂਹ ਪੈਣ ਕਰਕੇ ਜ਼ਮੀਨ ਵਿਚ ਕਾਫ਼ੀ ਮਾਤਰਾ ਵਿਚ ਗਿੱਲ ਹੋਵੇ ਤਾਂ ਪਹਿਲੇ ਪਾਣੀ ਦੀ ਉਡੀਕ ਨਹੀਂ ਕਰਨੀ ਚਾਹੀਦੀ । ਮੀਂਹ ਪੈਣ ਕਰਕੇ ਜ਼ਮੀਨ ਵਿਚ ਜਿੰਨੀ ਵੱਧ ਨਮੀ ਹੋਵੇਗੀ ਨਦੀਨ ਨਾਸ਼ਕ ਦਾ ਅਸਰ ਓਨਾ ਹੀ ਜ਼ਿਆਦਾ ਹੋਵੇਗਾ । ਨਦੀਨ ਨਾਸ਼ਕ ਦਵਾਈਆਂ ਟੌਪਿਕ, ਪੁਆਇੰਟ, ਪਿਊਮਾ ਪਾਵਰ, ਐੱਸ ਐੱਫ-10, ਲੀਡਰ ਵਡਾਣਕ ਕਣਕ ਤੇ ਵਰਤੀਆਂ ਜਾ ਸਕਦੀਆਂ ਹਨ ।

**ਸਾਵਧਾਨੀਆਂ**

1. ਰੇਤਲੀਆਂ ਜ਼ਮੀਨਾਂ ਵਿਚ ਨਦੀਨ ਨਾਸ਼ਕ ਦੀ ਵਰਤੋਂ ਨਾ ਕਰੋ ।
2. ਲੀਡਰ ਜਾਂ ਐੱਸ ਐੱਫ਼-10 ਦੀ ਵਰਤੋਂ ਨਾ ਕਰੋ ਜੇ ਸਰ੍ਹੋਂ ਜਾਤੀ ਦੀ ਕੋਈ ਫ਼ਸਲ ਵਡਾਣਕ ਕਣਕ ਵਿਚ ਬੀਜੀ ਗਈ ਹੋਵੇ ਕਿਉਂਕਿ ਇਨ੍ਹਾਂ ਫ਼ਸਲਾਂ ਦਾ ਨਦੀਨ ਨਾਸ਼ਕ ਬਹੁਤ ਨੁਕਸਾਨ ਕਰਦੇ ਹਨ । ਅਜਿਹੀਆ ਹਾਲਤਾਂ ਵਿਚ ਆਈਸੋਪਰੋਟੌਰਾਨ ਜਾਂ ਟੌਪਿਕ ਜਾਂ ਪੁਆਇੰਟ ਜਾਂ ਪਿਊਮਾ ਪਾਵਰ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਰਾਇਆ ਅਤੇ ਸਰ੍ਹੋਂ ਇਸ ਨੂੰ ਕਾਫ਼ੀ ਹੱਦ ਤੱਕ ਬਰਦਾਸ਼ਤ ਕਰ ਸਕਦੇ ਹਨ ।
3. ਛਿੜਕਾਅ ਉਸ ਦਿਨ ਕਰੋ ਜਦੋਂ ਅਸਮਾਨ ਸਾਫ਼ ਹੋਵੇ ।
4. ਦੂਸਰਾ ਪਾਣੀ ਹਲਕਾ ਲਾਉਣਾ ਚਾਹੀਦਾ ਹੈ । ਭਾਰੀ ਸਿੰਚਾਈ ਜਾਂ ਪਾਣੀ ਖੜ੍ਹਾ ਹੋਣ ਨਾਲ ਨਦੀਨ ਨਾਸ਼ਕ ਦਾ ਅਸਰ ਘਟ ਜਾਂਦਾ ਹੈ ।
5. ਜੇ ਗੁੱਲੀ ਡੰਡੇ ਦੇ ਨਾਲ ਖੇਤ ਵਿਚ ਚੌੜੇ ਪੱਤਿਆਂ ਵਾਲੇ ਨਦੀਨ ਵੀ ਹੋਣ ਤਾਂ ਸਿਫ਼ਾਰਸ਼ ਕੀਤੇ ਕਿਸੇ ਬ੍ਰਾਂਡ ਵਿਚ ਫ਼ੀ ਏਕੜ ਦੇ ਹਿਸਾਬ 250 ਗ੍ਰਾਮ 2, 4-

ਡੀ ਦਾ ਸੋਡੀਅਮ ਸਾਲਟ ਜਾਂ 250 ਮਿਲੀਲਿਟਰ 2,4-ਡੀ ਦਾ ਈਥਾਇਲ ਐਸਟਰ (36%) ਮਿਲਾ ਕੇ 200 ਲਿਟਰ ਪਾਣੀ ਵਿਚ ਘੋਲ ਕੇ ਢੋਲਕੀ (ਨੈਪਸੈਕ ਸਪਰੇਅਰ) ਨਾਲ ਛਿੜਕਾਅ ਕਰੋ । ਦੋਹਾਂ ਨਦੀਨ ਨਾਸ਼ਕਾਂ ਨੂੰ ਮਿਲਾ ਕੇ ਵਰਤੋਂ ਕਰਨ ਨਾਲ ਚੌੜੇ ਪੱਤਿਆਂ ਵਾਲੇ ਵੱਡੇ ਨਦੀਨ ਵੀ ਖ਼ਤਮ ਹੋ ਜਾਂਦੇ ਹਨ । ਅਜਿਹੇ ਨਦੀਨ ਨਾਸ਼ਕ ਇਕੱਲੀ ਆਈਸੋਪਰੋਟੋਰਾਨ ਦੀ ਵਰਤੋਂ ਨਾਲ ਖ਼ਤਮ ਨਹੀਂ ਹੁੰਦੇ । ਜਦੋਂ ਫ਼ਸਲ ਵਿਚ ਰਾਇਆ/ਸਰ੍ਹੋਂ/ਗੋਭੀ ਸਰ੍ਹੋਂ ਜਾਂ ਛੋਲੇ ਬੀਜੇ ਗਏ ਹੋਣ ਤਾਂ 2, 4-ਡੀ ਦੀ ਵਰਤੋਂ ਨਾ ਕਰੋ ।

2, 4-ਡੀ ਅਤੇ ਆਈਸੋਪਰੋਟੋਰਾਨ ਦੀ ਇਕੱਠੀ ਵਰਤੋਂ ਕਰਨ ਲਈ ਦੋਹਾਂ ਨਦੀਨ ਨਾਸ਼ਕਾਂ ਨੂੰ ਅੱਡੋ-ਅੱਡ ਪਹਿਲਾਂ ਥੋੜੇ ਜਿਹੇ ਪਾਣੀ ਵਿਚ ਘੋਲ ਲਓ । ਇਸ ਤੋਂ ਬਾਅਦ ਦੋਹਾਂ ਨੂੰ ਪਾਣੀ ਦੀ ਲੋੜੀਂਦੀ ਮਾਤਰਾ ਵਿਚ ਘੋਲ ਲਓ । ਇਸ ਤਰ੍ਹਾਂ ਕਰਨ ਨਾਲ ਘੋਲ ਦੇ ਕਣ ਫਸਣ ਨਾਲ ਨੋਜ਼ਲ ਦਾ ਮੂੰਹ ਬੰਦ ਨਹੀਂ ਹੋਏਗਾ । ਮਿਲਾ ਕੇ ਵਰਤੋਂ ਕਰਨ ਲਈ 2, 4-ਡੀ ਦੇ ਸੋਡੀਅਮ ਸਾਲਟ ਨੂੰ ਤਰਜੀਹ ਦਿਓ ।

### ਅ) ਉੱਗਣ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ

ਸਟੌਂਪ 30 ਈ ਸੀ ਜਾਂ ਟ੍ਰੈਫਲਾਨ 48 ਈ ਸੀ ਨੂੰ ਜੇਕਰ ਬੀਜਾਈ ਤੋਂ 2 ਦਿਨ ਬਾਅਦ ਤੱਕ ਛਿੜਕ ਦਿੱਤਾ ਜਾਏ ਤਾਂ ਇਹ ਗੁੱਲੀ ਡੰਡੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਰੋਕਥਾਮ ਕਰ ਦਿੰਦੀ ਹੈ । ਛਿੜਕਾਅ 200-300 ਲਿਟਰ ਪਾਣੀ ਵਿਚ ਘੋਲ ਕੇ ਕਰੋ । ਜਦੋਂ ਉੱਗਣ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਦਾ ਛਿੜਕਾਅ ਕਰਨਾ ਹੋਵੇ ਤਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਬਰੀਕ ਕਰ ਲਓ ਤਾਂ ਜੋ ਜ਼ਮੀਨ ਵਿਚ ਡਲੇ ਅਤੇ ਬੂਟਿਆਂ ਦੇ ਮੁੱਢ ਨਾ ਰਹਿਣ। ਜ਼ਮੀਨ ਵਿਚ ਸਿੱਲ੍ਹ ਕਾਫ਼ੀ ਹੋਣੀ ਚਾਹੀਦੀ ਹੈ ਅਤੇ ਛਿੜਕਾਅ ਵੇਲੇ ਜ਼ਿਆਦਾ ਪਾਣੀ ਦੀ ਵਰਤੋਂ ਕਰਨ ਨਾਲ ਨਦੀਨ ਨਾਸ਼ਕ ਦਾ ਅਸਰ ਵਧ ਹੋਵੇਗਾ । ਝੋਨੇ ਵਾਲੀਆਂ ਜ਼ਮੀਨਾਂ ਵਿਚ ਜਿਥੇ ਵਾਹੀ ਨਾਲ ਮਿੱਟੀ ਬਰੀਕ ਨਾ ਹੋਈ ਹੋਵੇ ਛਿੜਕਾਅ ਲਈ ਪਾਣੀ ਦੀ ਮਾਤਰਾ 300-400 ਲਿਟਰ ਪ੍ਰਤੀ ਏਕੜ ਹੋਣੀ ਚਾਹੀਦੀ ਹੈ ਅਤੇ ਇਹ ਛਿੜਕਾਅ ਟ੍ਰੈਕਟਰ ਵਾਲੇ ਛਿੜਕਾਅ ਪੰਪ ਨਾਲ ਕਰੋ ।

#### ਸਾਵਧਾਨੀਆਂ

1. ਵਡਾਣਕ ਕਣਕ ਦੀ ਫ਼ਸਲ ਵਿਚ ਜੇ ਰਾਇਆ/ਸਰ੍ਹੋਂ/ਗੋਭੀ ਸਰ੍ਹੋਂ ਬੀਜੀ ਹੋਵੇ ਤਾਂ ਸਟੌਂਪ ਦੀ ਵਰਤੋਂ ਨਾ ਕਰੋ ।
2. ਘਟ ਪਾਣੀ ਛਿੜਕਣ ਵਾਲੇ ਪੰਪ ਦੀ ਵਰਤੋਂ ਨਾ ਕਰੋ ।
3. ਨਦੀਨ-ਨਾਸ਼ਕਾਂ ਦੇ ਛਿੜਕਾਅ ਤੋਂ ਬਾਅਦ ਮਿੱਟੀ ਨੂੰ ਹਿਲਾਓ ਨਾ ।
4. ਪਹਿਲਾ ਪਾਣੀ ਸਮੇਂ ਸਿਰ ਲਾ ਦਿਓ ।

## ਸਿੰਜਾਈ

ਵਡਾਣਕ ਕਣਕ ਨੂੰ ਭਰਵੀਂ ਰੌਣੀ (10 ਸੈਂਟੀਮੀਟਰ) ਲਾ ਕੇ ਹੀ ਬੀਜੋ । ਜਦੋਂ ਕਣਕ ਦੀ ਬੀਜਾਈ ਝੋਨੇ ਪਿਛੋਂ ਕਰਨੀ ਹੋਵੇ ਤਾਂ ਭਰਵੀ ਰੌਣੀ ਦੀ ਲੋੜ ਨਹੀਂ । ਪਹਿਲਾ ਪਾਣੀ ਹਲਕਾ ਦਿਓ ਅਤੇ ਅਕਤੂਬਰ ਵਿਚ ਬੀਜੀ ਗਈ ਫ਼ਸਲ ਨੂੰ ਤਿੰਨ ਹਫ਼ਤੇ ਬਾਅਦ ਪਾਈ ਲਾਓ ਅਤੇ ਇਸ ਤੋਂ ਬਾਅਦ ਬੀਜੀ ਗਈ ਫ਼ਸਲ ਨੂੰ 4 ਹਫ਼ਤੇ ਬਾਅਦ । ਇਸ ਤੋਂ ਬਾਅਦ ਵਾਲੀਆਂ ਸਿੰਚਾਈਆਂ ਫ਼ਸਲ ਦੀ ਜ਼ਰੂਰਤ ਮੁਤਾਬਕ ਕਰੋ। ਕਿਸੇ ਵੀ ਹਾਲਤ ਵਿਚ ਫ਼ਸਲ ਨੂੰ ਔੜ ਨਾ ਲੱਗਣ ਦਿਓ । ਹਰ ਇਕ ਸੈਂਟੀਮੀਟਰ ਵਰਖਾ ਪਿਛੋਂ ਪਹਿਲਾ ਪਾਣੀ ਜਨਵਰੀ ਦੇ ਅਖੀਰ ਤੱਕ 5 ਦਿਨ ਪਿਛੇਤਾ ਅਤੇ ਜਨਵਰੀ ਤੋਂ ਬਾਅਦ ਦੋ ਦਿਨ ਤੱਕ ਪਿਛੇਤਾ ਕਰ ਦਿਓ । ਭਾਰੀਆਂ ਜ਼ਮੀਨਾਂ ਵਿਚ ਸਮੇਂ ਸਿਰ ਬੀਜੀ ਵਡਾਣਕ ਕਣਕ ਲਈ ਜੇਕਰ ਸਿੰਚਾਈ ਦੀ ਤਰੀਖ 15 ਮਾਰਚ ਦੇ ਨੇੜੇ ਆਵੇ ਤਾਂ ਬਾਕੀ ਦੇ ਪਾਣੀ ਦੇਣ ਦੀ ਲੋੜ ਨਹੀਂ । ਪਰ ਹਲਕੀਆਂ ਜ਼ਮੀਨਾਂ ਵਿਚ ਇਕ ਪਾਣੀ ਹੋਰ ਲਾਓ ।




ਪੀ ਡੀ ਡਬਲਯੂ 291




ਪੀ ਡੀ ਡਬਲਯੂ 233